ਮੰਗਲਵਾਰ, 30 ਜੁਲਾਈ, 2024
15 ਸਾਉਣ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 59

ਨਵਾਂ ਜ਼ਮਾਨਾ

DAILY NAWAN ZAMANA • TUESDAY, 30 JULY, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਬਸੰਤੀ ਜਾਂ ਸੁਰਮਈ ਚੋਲੇ ਵਾਲੇ ਨਿਸ਼ਾਨ ਸਾਹਿਬ ਹੀ ਝੂਲਣਗੇ, ਕੇਸਰੀ 'ਤੇ ਰੋਕ

ਅੰਮ੍ਰਿਤਸਰ : ਪੰਜ ਸਿੰਘ ਸਾਹਿਬਾਨ ਦੇ 15 ਜੁਲਾਈ ਦੇ ਫੈਸਲੇ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਸਰਕੂਲਰ ਜਾਰੀ ਕਰਕੇ ਕਿਹਾ ਹੈ ਕਿ ਗੁਰਦੁਆਰਾ ਸਾਹਿਬਾਨ 'ਚ ਲੱਗਣ ਵਾਲੇ ਨਿਸ਼ਾਨ ਸਾਹਿਬ ਦੇ ਚੋਲੇ ਦਾ ਰੰਗ ਰਹਿਤ ਮਰਿਆਦਾ ਮੁਤਾਬਕ ਬਸੰਤੀ ਜਾਂ ਸੁਰਮਈ ਹੋਵੇ। ਚੋਲੇ ਦੇ ਰੰਗ ਨੂੰ ਲੈ ਕੇ ਪੈਦਾ ਹੋਈ ਦੁਬਿਧਾ ਨੂੰ ਦੂਰ ਕਰਨ ਲਈ ਸਿੰਘ ਸਾਹਿਬਾਨ ਨੇ ਫੈਸਲਾ ਕੀਤਾ ਸੀ।

ਜ਼ਿਕਰਯੋਗ ਹੈ ਕਿ ਜ਼ਿਆਦਾਤਰ ਗੁਰਦੁਆਰਿਆਂ ਵਿਚ ਕੇਸਰੀ ਨਿਸ਼ਾਨ ਸਾਹਿਬ ਹੀ ਚੜ੍ਹਾਇਆ ਜਾਂਦਾ ਹੈ, ਜਦੋਂਕਿ ਕੇਸਰੀ ਨਿਸ਼ਾਨ ਭਰਵੇਂ ਦਾ ਭੁਲੇਖਾ ਪਾਉਂਦਾ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਇਹ ਫੈਸਲਾ ਕਿਸੇ ਧਰਮ ਜਾਂ ਭਰਵੇਂ ਰੰਗ ਦੇ ਖਿਲਾਫ ਨਹੀਂ ਹੈ, ਸਿਰਫ ਰਹਿਤ ਮਰਿਆਦਾ ਦੀ ਇੰਨ-ਬਿੰਨ ਪਾਲਣਾ ਲਈ ਹੈ। ਉਨ੍ਹਾ ਕਿਹਾ ਕਿ ਸਰਕੂਲਰ ਨੂੰ ਕਿਸੇ ਧਰਮ ਨਾਲ ਜੋੜ ਕੇ ਬੇਲੋੜਾ ਵਿਵਾਦ ਨਾ ਪੈਦਾ ਕੀਤਾ ਜਾਵੇ। ਫੈਸਲਾ ਕੋਈ ਨਵਾਂ ਨਹੀਂ ਹੈ। ਇਸ ਤੋਂ ਇਲਾਵਾ ਉਨ੍ਹਾ ਇਹ ਵੀ ਕਿਹਾ ਕਿ ਨਿਸ਼ਾਨ ਸਾਹਿਬ ਦੇ ਸਿਰੇ 'ਤੇ ਸਰਬਲੋਹ ਦਾ ਭਾਲਾ ਜਾਂ ਖੰਡਾ ਹੋਵੇ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਸੰਤੀ ਨਿਸ਼ਾਨ ਸਾਹਿਬ ਚੜ੍ਹਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਇਸ ਨੇ ਕਿਹਾ ਹੈ ਕਿ ਦਿੱਲੀ ਕਮੇਟੀ ਤੇ ਸਿੰਘ ਸਭਾਵਾਂ ਨੂੰ ਵੀ ਤੁਰੰਤ ਕੇਸਰੀ ਚੋਲੇ ਹਟਾ ਕੇ ਬਸੰਤੀ ਚੋਲੇ ਵਾਲੇ ਨਿਸ਼ਾਨ ਸਾਹਿਬ ਚੜ੍ਹਾਉਣੇ ਚਾਹੀਦੇ ਹਨ।

ਬੱਸ-ਬਾਈਕ ਟੱਕਰ 'ਚ ਤਿੰਨ ਜੀਆਂ ਦੀ ਮੌਤ

ਅਜਨਾਲਾ : ਪਿੰਡ ਪੂੰਗਾ 'ਚ ਸੋਮਵਾਰ ਦੁਪਹਿਰ ਸਕੂਲ ਬੱਸ ਦੀ ਟੱਕਰ ਨਾਲ ਬਾਈਕ ਸਵਾਰ ਚਾਰ ਸਾਲਾ ਬੱਚੀ ਸਮੇਤ ਪਰਿਵਾਰ ਦੇ ਤਿੰਨ ਜੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂਕਿ ਇਕ ਔਰਤ ਜ਼ਖਮੀ ਹੋ ਗਈ। ਗੁੱਸੇ 'ਚ ਆਏ ਪਰਿਵਾਰਕ ਮੈਂਬਰਾਂ ਨੇ ਪਥਰਾਅ ਤੋਂ ਬਾਅਦ ਬੱਸ ਨੂੰ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ, ਪਰ ਮੌਕੇ 'ਤੇ ਮੌਜੂਦ ਲੋਕਾਂ ਕਿਸੇ ਤਰ੍ਹਾਂ ਪਰਿਵਾਰਕ ਮੈਂਬਰਾਂ ਨੂੰ ਸਮਝਾ ਕੇ ਥਾਣੇ ਲੈ ਗਏ। ਪਿੰਡ ਪੂੰਗਾ ਦਾ ਰਹਿਣ ਵਾਲਾ ਹੀਰਾ ਮਸੀਹ ਆਪਣੀ ਪਤਨੀ ਸੁਨੀਤਾ ਕੌਰ, ਬੇਟੀ ਸੀਰਤ (4) ਤੇ ਮਾਂ ਸੱਤੀ ਨਾਲ ਇੱਕੋ ਮੋਟਰ ਸਾਈਕਲ 'ਤੇ ਘਰੋਂ ਅਜਨਾਲਾ ਵੱਲ ਨੂੰ ਨਿਕਲਿਆ ਸੀ। ਜਿਵੇਂ ਹੀ ਉਹ ਪਿੰਡੋਂ ਬਾਹਰ ਨਿਕਲੇ ਨਿੱਜੀ ਸਕੂਲ ਬੱਸ ਨਾਲ ਟੱਕਰ ਹੋ ਗਈ। ਸੱਤੀ ਕੌਰ ਨੂੰ ਮਾਮੂਲੀ ਝਰੀਟਾਂ ਲੱਗੀਆਂ। ਡਰਾਈਵਰ ਬੱਸ ਛੱਡ ਕੇ ਭੱਜ ਗਿਆ। ਐਸਪੀ ਹਰਿੰਦਰ ਸਿੰਘ ਨੇ ਡਰਾਈਵਰ ਖਿਲਾਫ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਹਰਮਨਪ੍ਰੀਤ ਨੇ ਆਖਰੀ ਛਿਣਾਂ 'ਚ ਹਾਰ ਟਾਲੀ

ਪੈਰਿਸ : ਭਾਰਤੀ ਪੁਰਸ਼ ਟੀਮ ਨੇ ਸੋਮਵਾਰ ਉਲੰਪਿਕ ਖੇਡਾਂ ਦੇ ਹਾਕੀ ਮੁਕਾਬਲੇ 'ਚ ਅਰਜਨਟੀਨਾ ਨੂੰ 1-1 ਨਾਲ ਬਰਾਬਰੀ 'ਤੇ ਰੋਕ ਦਿੱਤਾ। ਅਰਜਨਟੀਨਾ ਨੇ ਦੂਜੇ ਕੁਆਰਟਰ (22ਵੇਂ ਮਿੰਟ) 'ਚ ਗੋਲ ਕਰ ਕੇ 1-0 ਦੀ ਲੀਡ ਲੈ ਲਈ ਸੀ। ਭਾਰਤ ਦੇ ਕਪਤਾਨ ਹਰਮਨਪ੍ਰੀਤ ਨੇ ਮੈਚ ਦੇ ਆਖਰੀ ਪਲਾਂ 'ਚ ਪੈਨਲਟੀ ਕਾਰਨਰ ਨੂੰ ਗੋਲ 'ਚ ਬਦਲ ਕੇ ਸਕੋਰ ਬਰਾਬਰ ਕਰ ਦਿੱਤਾ। ਇਸ ਤੋਂ ਪਹਿਲਾਂ ਭਾਰਤ ਨੇ ਆਪਣੇ ਪਹਿਲੇ ਮੁਕਾਬਲੇ 'ਚ ਨਿਊ ਜ਼ੀਲੈਂਡ ਨੂੰ 3-2 ਨਾਲ ਹਰਾਇਆ ਸੀ।

ਹਰਮਨਪ੍ਰੀਤ ਸਿੰਘ ਅਰਜਨਟੀਨਾ ਦੇ ਖਿਡਾਰੀਆਂ ਤੋਂ ਗੇਂਦ ਖੋਹਣ ਦੀ ਜੱਦੋਜਹਿਦ ਕਰਦਾ ਹੋਇਆ।

ਮਨੂੰ ਤੇ ਸਰਬਜੋਤ ਤਮਗਾ ਦੌੜ 'ਚ

ਚੈਟੋਰੌਕਸ : ਮਨੂੰ ਭਾਕਰ ਨੇ ਸਰਬਜੋਤ ਸਿੰਘ ਦੇ ਨਾਲ 10 ਮੀਟਰ ਏਅਰ ਰਾਈਫਲ ਮਿਕਸਡ ਟੀਮ ਵਿਚ ਕਾਂਸੀ ਤਮਗੇ ਦੇ ਮੁਕਾਬਲੇ ਲਈ ਕੁਆਲੀਫਾਈ ਕਰ ਲਿਆ ਹੈ, ਪਰ ਰਮੀਤਾ ਜਿੰਦਲ 10 ਮੀਟਰ ਏਅਰ ਰਾਈਫਲ ਮੁਕਾਬਲੇ ਵਿਚ ਸੱਤਵੇਂ ਸਥਾਨ 'ਤੇ ਰਹਿ ਕੇ ਤਮਗੇ ਦੀ ਦੌੜ ਵਿੱਚੋਂ ਬਾਹਰ ਹੋ ਗਈ। ਮਨੂੰ ਅਤੇ ਸਰਬਜੋਤ ਨੇ ਮਿਕਸਡ ਟੀਮ ਵਿਚ 580 ਸਕੋਰ ਹਾਸਲ ਕੀਤਾ, ਜਿਸ ਤੋਂ ਬਾਅਦ ਹੁਣ ਮੰਗਲਵਾਰ ਨੂੰ ਇਨ੍ਹਾਂ ਦਾ ਸਾਹਮਣਾ ਕੋਰੀਆ ਦੇ ਓ ਯੀ ਜਿਨ ਅਤੇ ਲੀ ਵੋਨਹੋ ਨਾਲ ਹੋਵੇਗਾ। ਉਧਰ, ਰਿਦਮ ਸਾਂਗਵਾਨ ਅਤੇ ਅਰਜੁਨ ਸਿੰਘ ਚੀਮਾ ਦੀ ਜੋੜੀ 576 ਦੇ ਸਕੋਰ ਨਾਲ ਦਸਵੇਂ ਸਥਾਨ 'ਤੇ ਰਹੀ।

ਹੇਮੰਤ ਖਿਲਾਫ ਈ ਡੀ ਦੀ ਪਟੀਸ਼ਨ ਖਾਰਜ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੂੰ ਵੱਡੀ ਰਾਹਤ ਦਿੰਦਿਆਂ ਐਨਫੋਰਸਮੈਂਟ ਡਾਇਰੈਕਟੋਰੇਟ ਦੀ ਉਸ ਪਟੀਸ਼ਨ ਨੂੰ ਖਾਰਜ ਕਰ ਦਿੱਤਾ, ਜਿਸ 'ਚ ਕਥਿਤ ਜ਼ਮੀਨ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਹੇਮੰਤ ਨੂੰ ਜ਼ਮਾਨਤ ਦੇਣ ਦੇ ਹਾਈ ਕੋਰਟ ਦੇ ਹੁਕਮ ਨੂੰ ਚੁਣੌਤੀ ਦਿੱਤੀ ਗਈ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਝਾਰਖੰਡ ਹਾਈ ਕੋਰਟ ਦਾ 28 ਜੂਨ ਨੂੰ ਸੋਰੇਨ ਨੂੰ ਜ਼ਮਾਨਤ ਦੇਣ ਦਾ ਹੁਕਮ ਤਰਕਪੂਰਨ ਫੈਸਲਾ ਸੀ। ਜਸਟਿਸ ਬੀ ਆਰ ਗਵਈ ਅਤੇ ਕੇ ਵੀ ਵਿਸ਼ਵਨਾਥਨ ਦੀ ਬੈਂਚ ਨੇ ਕਿਹਾ ਕਿ ਉਹ ਝਾਰਖੰਡ ਹਾਈ ਕੋਰਟ ਦੇ ਹੁਕਮਾਂ ਵਿਚ ਦਖਲ ਨਹੀਂ ਦੇਣਗੇ।

ਰਾਖਵਾਂਕਰਨ ਬਾਰੇ ਹਾਈ ਕੋਰਟ ਦੇ ਫੈਸਲੇ 'ਤੇ ਰੋਕ ਤੋਂ ਨਾਂਹ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਪਟਨਾ ਹਾਈ ਕੋਰਟ ਦੇ ਉਸ ਫੈਸਲੇ 'ਤੇ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ ਹੈ, ਜਿਸ ਤਹਿਤ ਬਿਹਾਰ ਵਿਚ ਦਲਿਤਾਂ, ਆਦਿਵਾਸੀਆਂ ਅਤੇ ਪੱਛੜੇ ਵਰਗਾਂ ਲਈ ਰਾਖਵਾਂਕਰਨ 50 ਫੀਸਦੀ ਤੋਂ ਵਧਾ ਕੇ 65 ਫੀਸਦੀ ਕਰਨ ਵਾਲੇ ਸੋਧੇ ਕਾਨੂੰਨਾਂ ਨੂੰ ਰੱਦ ਕਰ ਦਿੱਤਾ ਗਿਆ ਸੀ। ਸੁਪਰੀਮ ਕੋਰਟ ਦੇ ਇਸ ਫੈਸਲੇ ਨੂੰ ਬਿਹਾਰ ਸਰਕਾਰ ਲਈ ਝਟਕਾ ਮੰਨਿਆ ਜਾ ਰਿਹਾ ਹੈ। ਹਾਲਾਂਕਿ ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਜੇ ਬੀ ਪਾਦਰੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਨੇ ਬਿਹਾਰ ਸਰਕਾਰ ਵੱਲੋਂ ਪਟਨਾ ਹਾਈਕੋਰਟ ਦੇ ਫੈਸਲੇ ਖਿਲਾਫ ਦਾਇਰ ਕੀਤੀਆਂ 10 ਪਟੀਸ਼ਨਾਂ 'ਤੇ ਸੁਣਵਾਈ ਕਰਨ ਲਈ ਸਹਿਮਤੀ ਦਿੱਤੀ ਹੈ। ਸੁਪਰੀਮ ਕੋਰਟ ਨੇ ਪਟੀਸ਼ਨਾਂ 'ਤੇ ਨੋਟਿਸ ਜਾਰੀ ਨਹੀਂ ਕੀਤਾ ਅਤੇ ਅਪੀਲ ਦੀ ਇਜਾਜ਼ਤ ਦਿੰਦਿਆਂ ਕਿਹਾ ਕਿ ਇਨ੍ਹਾਂ 'ਤੇ ਸੁਣਵਾਈ ਸਤੰਬਰ ਮਹੀਨੇ ਵਿਚ ਕੀਤੀ ਜਾਵੇਗੀ।

ਧਮਾਕੇ ਨਾਲ ਚਾਰ ਮੌਤਾਂ

ਸ੍ਰੀਨਗਰ : ਸੋਪੋਰ ਦੀ ਸ਼ੇਰ ਕਾਲੋਨੀ ਵਿਚ ਸੋਮਵਾਰ ਕਬਾੜ ਡੀਲਰ ਦੀ ਦੁਕਾਨ ਵਿਖੇ ਧਮਾਕੇ ਨਾਲ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਜਦੋਂ ਕੁਝ ਜਣੇ ਟਰੱਕ ਤੋਂ ਕਬਾੜ ਉਤਾਰ ਰਹੇ ਸਨ ਤਾਂ ਧਮਾਕਾ ਹੋ ਗਿਆ। ਦੋ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਦੋ ਹੋਰਨਾਂ ਨੇ ਬਾਅਦ ਵਿਚ ਦਮ ਤੋੜ ਦਿੱਤਾ। ਮ੍ਰਿਤਕਾਂ ਦੀ ਪਛਾਣ ਨਜ਼ੀਰ ਅਹਿਮਦ ਨਦਰੂ (40), ਆਜ਼ਿਮ ਅਸ਼ਰਫ ਮੀਰ (20), ਆਦਿਲ ਰਸ਼ੀਦ ਭੱਟ (23) ਅਤੇ ਮੁਹੰਮਦ ਅਜ਼ਹਰ (25) ਵਜੋਂ ਹੋਈ ਹੈ। ਇਹ ਸਾਰੇ ਸ਼ੇਰ ਕਾਲੋਨੀ ਦੇ ਰਹਿਣ ਵਾਲੇ ਸਨ। ਧਮਾਕੇ ਦੇ ਕਾਰਨ ਦਾ ਤੁਰੰਤ ਪਤਾ ਨਹੀਂ ਲੱਗ ਸਕਿਆ।

21 ਕਾਂਵੜੀਏ ਬਚਾਏ

ਦੇਹਰਾਦੂਨ : ਭਾਰੀ ਮੀਂਹ ਦੌਰਾਨ ਬੁੱਢਾ ਕੇਦਾਰ ਖੇਤਰ 'ਚ ਭਟਕਣ ਕਾਰਨ ਫਸੇ 21 ਕਾਂਵੜੀਆਂ ਨੂੰ ਐੱਸ ਡੀ ਆਰ ਐੱਫ ਟੀਮ ਨੇ ਸੁਰੱਖਿਅਤ ਬਾਹਰ ਲਿਆਂਦਾ ਹੈ। ਐਤਵਾਰ ਰਾਤ ਗੰਗੋਤਰੀ ਤੋਂ ਪਰਤਣ ਮੌਕੇ 21 ਕਾਂਵੜੀਆਂ ਦੇ ਇਕ ਗਰੁੱਪ ਦੇ ਰਸਤਾ ਭਟਕਣ ਬਾਰੇ ਸੂਚਨਾ ਮਿਲੀ ਸੀ, ਜੋ ਕਿ ਬਾਅਦ ਵਿਚ ਬੁੱਢਾ ਕੇਦਾਰ ਤੋਂ ਤਿੰਨ ਕਿਲੋਮੀਟਰ ਦੂਰ ਝਾਲਾ ਨਾਂਅ ਦੀ ਜਗ੍ਹਾ 'ਤੇ ਮਿਲੇ।

ਚਾਰ ਕਾਂਵੜੀਆਂ ਦੀ ਮੌਤ

ਨਵੀਂ ਦਿੱਲੀ : ਮੱਧ ਪ੍ਰਦੇਸ਼ ਦੇ ਮੁਰੈਨਾ ਵਿਚ ਸੋਮਵਾਰ ਸਵੇਰ ਇਕ ਟਰੱਕ ਨੇ ਟਰੈਕਟਰ-ਟਰਾਲੀ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਦੋ ਕਾਂਵੜੀਆਂ ਦੀ ਮੌਤ ਹੋ ਗਈ ਤੇ 14 ਜ਼ਖਮੀ ਹੋ ਗਏ। ਬਰੇਲੀ-ਮਥੁਰਾ ਹਾਈਵੇਅ ਉੱਤੇ ਦੋ ਮੋਟਰਸਾਈਕਲਾਂ ਦੀ ਆਹਮੋ-ਸਾਹਮਣੇ ਹੋਈ ਟੱਕਰ ਵਿੱਚ ਦੋ ਕਾਂਵੜੀਆਂ ਦੀ ਮੌਤ ਹੋ ਗਈ। ਕਾਂਵੜੀਏ ਅੰਕਿਤ (30) ਅਤੇ ਅਨਿਲ (25) ਗੰਗਾ ਦੇ ਕਛਲਾ ਘਾਟ ਤੋਂ ਪਾਣੀ ਲੈ ਕੇ ਵਾਪਸ ਆ ਰਹੇ ਸਨ।

ਸੁਨਹਿਰੇ ਭਵਿੱਖ ਲਈ ਕੈਨੇਡਾ ਗਏ ਭਰਾ-ਭੈਣ ਸਣੇ ਤਿੰਨ ਦੀ ਹਾਦਸੇ 'ਚ ਮੌਤ

ਚੰਡੀਗੜ੍ਹ : ਕੈਨੇਡਾ ਦੇ ਮਾਊਂਟੇਨ ਸਿਟੀ 'ਚ ਸ਼ਨੀਵਾਰ ਨੂੰ ਸੜਕ ਹਾਦਸੇ 'ਚ ਚਚੇਰੇ ਭੈਣ-ਭਰਾ ਸਣੇ ਤਿੰਨ ਵਿਦਿਆਰਥੀਆਂ ਦੀ ਮੌਤ ਹੋ ਗਈ। ਮਰਨ ਵਾਲਿਆਂ 'ਚ ਲੁਧਿਆਣਾ ਦੇ ਮਲੌਦ ਪਿੰਡ ਦੇ ਹਰਮਨ ਕੌਰ ਸੋਮਲ (23) ਤੇ ਨਵਜੋਤ ਸਿੰਘ ਸੋਮਲ (19) ਅਤੇ ਸਮਾਣਾ ਦੀ ਰਸ਼ਮਦੀਪ ਕੌਰ (23) ਸ਼ਾਮਲ ਹਨ। ਰਸ਼ਮਦੀਪ ਕੌਰ ਦੇ ਪਿਤਾ ਭੁਪਿੰਦਰ ਸਿੰਘ ਤੇ ਮਾਤਾ ਸੁਚੇਤ ਕੌਰ ਸਰਕਾਰੀ ਟੀਚਰ ਹਨ। ਰਸ਼ਮਦੀਪ ਕੌਰ ਚਾਰ ਸਾਲ ਪਹਿਲਾਂ ਕੈਨੇਡਾ ਗਈ ਸੀ।

ਹਰਮਨ ਕੌਰ ਸੋਮਲ ਨਵਜੋਤ ਸਿੰਘ ਸੋਮਲ ਰਸ਼ਮਦੀਪ ਕੌਰ

ਇਹ ਨਿਊ ਬਰੰਸਵਿਕ ਪ੍ਰਾਂਤ ਦੀ ਮੌਂਕਟੋਨ ਸਿਟੀ ਤੋਂ ਜਾ ਰਹੇ ਸਨ। ਹਾਦਸਾ ਉਦੋਂ ਵਾਪਰਿਆ, ਜਦੋਂ ਟਾਇਰ ਫਟਣ ਨਾਲ ਕੈਬ ਉਲਟ ਗਈ। ਕੈਬ ਬੇਕਾਬੂ ਹੁੰਦੀ ਦੇਖ ਜਾਨ ਬਚਾਉਣ ਖਾਤਰ ਇਨ੍ਹਾਂ ਨੇ ਛਾਲਾਂ ਮਾਰ ਦਿੱਤੀਆਂ। ਡਰਾਈਵਰ ਵਾਲ-ਵਾਲ ਬਚ ਗਿਆ।

ਰਣਜੀਤ ਸਿੰਘ ਸੋਮਲ ਤੇ ਉਸ ਦਾ ਭਰਾ ਮਨਦੀਪ ਸਿੰਘ ਸੋਮਲ ਆਪਣੇ ਬੱਚਿਆਂ ਦੇ ਬਿਹਤਰ ਕੈਰੀਅਰ ਲਈ ਕੈਨੇਡਾ ਭੇਜ ਕੇ ਹੁਣ ਪਛਤਾ ਰਹੇ ਹਨ। ਮਨਦੀਪ ਸਿੰਘ ਦਾ ਦੂਜਾ ਬੇਟਾ ਰਾਜਪ੍ਰੀਤ ਸਿੰਘ ਸੋਮਲ ਕੈਨੇਡਾ ਵਿਚ ਸੈਟਲ ਹੈ। ਹਰਮਨ ਕੌਰ ਪੰਜ ਸਾਲ ਤੋਂ ਕੈਨੇਡਾ ਵਿਚ ਸੀ ਤੇ ਨਵਜੋਤ 17 ਅਪ੍ਰੈਲ ਨੂੰ ਹੀ ਗਿਆ ਸੀ।

ਸੋਮਲ ਭਰਾਵਾਂ ਨੇ ਦੱਸਿਆ ਕਿ ਬੱਚੇ ਪੰਜਾਬ ਤੋਂ ਬਾਹਰ ਰਹਿ ਕੇ ਖੁਸ਼ ਨਹੀਂ ਸਨ, ਪਰ ਫਿਰ ਵੀ ਕੈਨੇਡਾ ਵਿਚ ਸੰਘਰਸ਼ ਕਰਦੇ ਰਹੇ, ਕਿਉਂਕਿ ਇੱਧਰ ਖੇਤੀ ਲਾਹੇਵੰਦ ਪੇਸ਼ਾ ਨਹੀਂ ਰਹੀ। ਰਣਜੀਤ ਸਿੰਘ ਨੇ ਦੱਸਿਆ—ਅਸੀਂ ਨਵਜੋਤ ਤੇ ਹਰਮਨ ਨਾਲ ਲਗਭਗ ਰੋਜ਼ ਗੱਲ ਕਰਦੇ ਸੀ ਤੇ ਉਹ ਕੈਨੇਡਾ ਦੀ ਜੀਵਨ ਸ਼ੈਲੀ ਬਾਰੇ ਸ਼ਿਕਾਇਤ ਕਰਦੇ ਸਨ। ਹਾਲਾਂਕਿ ਮੈਂ ਆਪਣੇ ਪੁੱਤਰ ਨੂੰ ਮੁੜ ਆਉਣ ਲਈ ਕਹਿ ਦਿੱਤਾ ਸੀ, ਪਰ ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

ਰਸ਼ਮਦੀਪ ਕੌਰ ਦੇ ਚਾਚਾ ਚਮਕੌਰ ਸਿੰਘ ਨੇ ਦੱਸਿਆ ਕਿ ਇਹ ਸਾਰੇ ਪੀ ਆਰ ਫਾਈਲਾਂ ਜਮ੍ਹਾਂ ਕਰਾ ਕੇ ਟੈਕਸੀ ਰਾਹੀਂ ਵਾਪਸ ਆ ਰਹੇ ਸਨ।

ਫਤਿਹਗੜ੍ਹ ਸਾਹਿਬ ਦੇ ਸਾਂਸਦ ਅਮਰ ਸਿੰਘ ਬੋਪਾਰਾਏ ਨੇ ਮ੍ਰਿਤਕ ਦੇਹਾਂ ਪੰਜਾਬ ਲਿਆਉਣ ਦਾ ਮਾਮਲਾ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਕੋਲ ਉਠਾਇਆ ਹੈ।

ਧਰਮਪੁਰ ਨੇੜੇ ਫਗਵਾੜੇ ਦੇ ਬੰਦੇ ਦੀ ਮੌਤ

ਸੋਲਨ : ਚੰਡੀਗੜ੍ਹ-ਸ਼ਿਮਲਾ ਸੜਕ 'ਤੇ ਧਰਮਪੁਰ ਕੋਲ ਦਤਿਆਰ ਵਿਖੇ ਬੋਲੈਰੋ 'ਤੇ ਸੋਮਵਾਰ ਤੜਕੇ ਵੱਡੇ ਪੱਥਰ ਡਿੱਗਣ ਕਾਰਨ ਫਗਵਾੜਾ ਵਾਸੀ ਦੀ ਮੌਤ ਹੋ ਗਈ ਤੇ ਤਿੰਨ ਜ਼ਖਮੀ ਹੋ ਗਏ। ਬੋਲੈਰੋ ਜਲੰਧਰ ਤੋਂ ਅਖਬਾਰ ਦੀ ਸਪਲਾਈ ਦੇਣ ਸ਼ਿਮਲਾ ਜਾ ਰਹੀ ਸੀ ਕਿ ਢਿੱਗਾਂ ਤੇ ਪੱਥਰ ਉਸ 'ਤੇ ਆਣ ਵੱਜੇ। ਇਸ ਦੌਰਾਨ ਫਗਵਾੜਾ ਦੇ ਦੇਵ ਰਾਜ (40) ਦੀ ਮੌਕੇ 'ਤੇ ਮੌਤ ਹੋ ਗਈ ਅਤੇ ਗੜ੍ਹਸ਼ੰਕਰ ਦਾ ਕੁਲਦੀਪ ਸਿੰਘ (43) ਅਤੇ ਜਲੰਧਰ ਦੀ ਵੰਦਨਾ ਸੋਂਧੀ (43) ਤੇ ਉਸ ਦਾ ਬੇਟਾ ਭਾਵੁਕ (23) ਜ਼ਖਮੀ ਹੋ ਗਏ।

ਸਰਕਾਰ ਨੇ ਨੌਜਵਾਨਾਂ, ਕਿਸਾਨਾਂ ਤੇ ਗਰੀਬਾਂ ਨੂੰ ਚੱਕਰਵਿਊ 'ਚ ਫਸਾਇਆ : ਰਾਹੁਲ

ਨਵੀਂ ਦਿੱਲੀ : ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਕੇਂਦਰ ਸਰਕਾਰ 'ਤੇ ਦੋਸ਼ ਲਾਇਆ ਕਿ ਹਿੰਦੁਸਤਾਨ ਦੇ ਨੌਜਵਾਨਾਂ, ਕਿਸਾਨਾਂ ਅਤੇ ਗਰੀਬਾਂ ਨੂੰ ਅਭਿਮੰਨਿਊ ਵਾਂਗ ਚੱਕਰਵਿਊ ਵਿਚ ਫਸਾ ਦਿੱਤਾ ਗਿਆ ਹੈ। ਉਨ੍ਹਾ ਸੋਮਵਾਰ ਲੋਕ ਸਭਾ ਵਿਚ ਕੇਂਦਰੀ ਬਜਟ 'ਤੇ ਚਰਚਾ ਵਿਚ ਹਿੱਸਾ ਲੈਂਦਿਆਂ ਕਿਹਾ ਕਿ ਹਜ਼ਾਰਾਂ ਸਾਲ ਪਹਿਲਾਂ ਛੇ ਜਣਿਆਂ ਨੇ ਅਭਿਮੰਨਿਊ ਨੂੰ ਚੱਕਰਵਿਊ 'ਚ ਫਸਾ ਕੇ ਮਾਰਿਆ ਸੀ, ਚੱਕਰਵਿਊ ਦਾ ਦੂਜਾ ਨਾਂਅ ਹੈ 'ਪਦਮਾਵਿਊ', ਜੋ ਕਮਲ ਦੇ ਫੁੱਲ ਦੇ ਆਕਾਰ ਦਾ ਹੁੰਦਾ ਹੈ, ਜਿਸ ਵਿਚ ਡਰ ਅਤੇ ਹਿੰਸਾ ਹੁੰਦੀ ਹੈ। ਇਸ ਦੌਰਾਨ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਇਲਾਵਾ ਚਾਰ ਹੋਰ ਵਿਅਕਤੀਆਂ ਦਾ ਨਾਂਅ ਲਿਆ, ਜਿਨ੍ਹਾਂ 'ਤੇ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਇਤਰਾਜ਼ ਜਤਾਇਆ।

30-JULY-PAGE-1.qxd 7/29/2024 9:52 PM Page 2

ਸਟੱਡੀ ਸਰਕਲ ਨੇ ਅੱਖਾਂ ਦੀ ਜਾਂਚ ਦਾ ਫਰੀ ਕੈਂਪ ਲਾਇਆ

ਸੰਗਰੂਰ (ਪ੍ਰਵੀਨ ਸਿੰਘ)-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਥਾਨਕ ਜ਼ੋਨਲ ਦਫ਼ਤਰ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸੇਵਾ ਦਿਵਸ ਨੂੰ ਸਮਰਪਤ ਅੱਖਾਂ ਦੀ ਜਾਂਚ ਦਾ ਦੂਸਰਾ ਫਰੀ ਕੈਂਪ ਲਗਾਇਆ ਗਿਆ।ਸਟੱਡੀ ਸਰਕਲ ਦੇ ਡਿਪਟੀ ਚੀਫ਼ ਸਕੱਤਰ ਸੁਰਿੰਦਰ ਪਾਲ ਸਿੰਘ ਸਿਦਕੀ ਤੇ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੇ ਸਕੱਤਰ ਚਰਨਜੀਤ ਪਾਲ ਸਿੰਘ ਦੇ ਪਿਤਾ ਮਾਸਟਰ ਗੁਰਚਰਨ ਸਿੰਘ ਦੀ ਯਾਦ ਵਿੱਚ ਇਹ ਕੈਂਪ ਸਟੱਡੀ ਸਰਕਲ ਦੇ ਡਿਪਟੀ ਚੀਫ਼ ਆਰਗੇਨਾਈਜ਼ਰ ਲਾਭ ਸਿੰਘ, ਕੁਲਵੰਤ ਸਿੰਘ ਨਾਗਰੀ ਜ਼ੋਨਲ ਸਕੱਤਰ, ਪ੍ਰੋ: ਨਰਿੰਦਰ ਸਿੰਘ ਸਕੱਤਰ ਅਕਾਦਮਿਕ, ਗੁਰਮੇਲ ਸਿੰਘ ਵਿੱਤ ਸਕੱਤਰ, ਅਜਮੇਰ ਸਿੰਘ ਡਿਪਟੀ ਡਾਇਰੈਕਟਰ, ਗੁਲਜ਼ਾਰ ਸਿੰਘ ਜਥੇਬੰਦਕ ਸਕੱਤਰ ਸੰਗਰੂਰ ਦੀ ਦੇਖ ਰੇਖ ਹੇਠ ਲਗਾਇਆ ਗਿਆ।ਇਸ ਮੌਕੇ ਸੰਤ ਬਾਬਾ ਰਣਜੀਤ ਸਿੰਘ ਤਪਾ ਦਰਾਜ ਮੋਹਾਲੀ ਦੇ ਕੈਂਪ ਵਿੱਚ ਪਹੁੰਚਣ 'ਤੇ ਪਰਿਵਾਰਕ ਮੈਂਬਰਾਂ ਇੰਦਰਪਾਲ ਕੌਰ, ਕਮਲਪ੍ਰੀਤ ਕੌਰ ਦੇ ਨਾਲ ਸਟੱਡੀ ਸਰਕਲ ਇਸਤਰੀ ਕੌਂਸਲ ਦੇ ਸਕੱਤਰ ਪ੍ਰੋ: ਹਰਵਿੰਦਰ ਕੌਰ, ਅਮਨਦੀਪ ਕੌਰ, ਪ੍ਰਿਤਪਾਲ ਕੌਰ ਸਾਹਨੀ ਨੇ ਸਵਾਗਤ ਕੀਤਾ।ਰਣਜੀਤ ਆਈ ਹਸਪਤਾਲ ਸੰਗਰੂਰ ਦੇ ਡਾਕਟਰ ਇੰਦਰਜੋਤ ਕੌਰ, ਅਮਨਦੀਪ ਕੌਰ ਤੇ ਸਟਾਫ ਨੇ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਤੇ ਲੋੜਵੰਦਾਂ ਨੂੰ ਦਵਾਈਆਂ ਵੀ ਫਰੀ ਦਿੱਤੀਆਂ ਗਈਆਂ। ਬਲਜੀਤ ਕੌਰ ਵੱਲੋਂ ਬਲੱਡ ਪ੍ਰੈਸ਼ਰ ਤੇ ਸ਼ੂਗਰ ਦੇ ਟੈਸਟ ਫਰੀ ਕੀਤੇ ਗਏ।ਵੱਖ ਵੱਖ ਨਗਰਾਂ ਦੇ ਨਿਵਾਸੀ ਰਾਜਵੀਰ ਸਿੰਘ ਫਤਿਹਗੜ੍ਹ ਛੰਨਾ, ਨਿਹਾਲ ਸਿੰਘ ਮੰਗਵਾਲ, ਗੁਰਮੀਤ ਸਿੰਘ, ਸਿੰਦਰ ਕੌਰ, ਮਹਾਂਵੀਰ , ਰਣਜੀਤ ਸਿੰਘ, ਸੁਭਜਿੰਦਰ ਸਿੰਘ, ਅਜੀਤ ਸਿੰਘ ਆਦਿ ਨੇ ਵੀ ਕੈਂਪ ਲਗਾਉਣ ਲਈ ਸਟੱਡੀ ਸਰਕਲ ਦਾ ਧੰਨਵਾਦ ਕੀਤਾ ਬੱਗੂਆਣਾ ਬਸਤੀ, ਬਾਬਾ ਬੰਦਾ ਸਿੰਘ ਬਹਾਦਰ ਕਲੋਨੀ, ਚੰਗਾਲ, ਕਾਂਝਲਾ, ਬਡਰੁੱਖਾਂ ਆਦਿ ਦੇ ਵਾਸੀਆਂ ਨੇ ਇਸ ਕੈਂਪ ਦਾ ਲਾਭ ਉਠਾਇਆ।

ਸਰਕਾਰੀ ਸਕੂਲ ਦੇਸੂ ਮਲਕਾਣਾ 'ਚ ਹੋਏ ਵਿਗਿਆਨ ਮੁਕਾਬਲੇ

ਸਿਰਸਾ (ਸੁਰਿੰਦਰ ਪਾਲ ਸਿੰਘ)-ਹਰਿਆਣਾ ਰਾਜ ਵਿੱਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ (ਐੱਸਸੀਈਆਰਟੀ) ਦੇ ਵਿਗਿਆਨ ਵਿਭਾਗ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇਸੂ ਮਲਕਾਣਾ ਵਿਖੇ ਬਲਾਕ ਪੱਧਰੀ ਸਾਇੰਸ ਨਾਟਕ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਵੱਖ-ਵੱਖ ਕਲੱਸਟਰਾਂ ਦੀਆਂ ਕਰੀਬ 15 ਟੀਮਾਂ ਨੇ ਭਾਗ ਲਿਆ।ਇਨ੍ਹਾਂ ਵਿੱਚ ਰਾਜਨ ਗਰਗ, ਗਿਰਧਾਰੀ ਲਾਲ ਤੇ ਮੈਡਮ ਮਮਤਾ ਨੇ ਜੱਜਮੈਂਟ ਦੀ ਭੂਮਿਕਾ ਨਿਭਾਈ।ਸਮਾਗਮ ਦੇ ਕਨਵੀਨਰ ਲੈਕਚਰਾਰ ਹਰਗੋਵਿੰਦ ਸਿੰਘ ਸ਼ਾਇਰ ਦਾ ਕਹਿਣਾ ਸੀ ਕਿ ਹਰਿਆਣਾ ਵਿੱਚ ਰਾਜ ਵਿੱਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ (ਐੱਸਸੀਈਆਰਟੀ) ਦਾ ਵਿਗਿਆਨ ਵਿਭਾਗ ਬਲਾਕ, ਜ਼ਿਲ੍ਹਾ ਪੱਧਰ ਤੇ ਰਾਜ ਪੱਧਰੀ ਵਿਗਿਆਨ ਨਾਟਕ ਮੁਕਾਬਲੇ ਤੇ ਸੈਮੀਨਾਰ ਕਰਦਾ ਹੈ।ਉਨ੍ਹਾ ਕਿਹਾ ਕਿ ਇਹ ਪਹਿਲ ਕਦਮੀਆਂ ਅਨੁਭਵੀ ਸਿੱਖਿਆ ਦੁਆਰਾ ਵਿਗਿਆਨ ਨੂੰ ਪ੍ਰਸਿੱਧ ਬਣਾਉਣ ਤੇ ਵਿਦਿਆਰਥੀਆਂ ਵਿੱਚ ਵਿਗਿਆਨਕ ਨੂੰ ਉਤਸ਼ਾਹਤ ਕਰਨ ਦੇ ਵਿਆਪਕ ਯਤਨਾਂ ਦਾ ਹਿੱਸਾ ਹਨ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਮੁਖੀ ਜਸਵੀਰ ਸਿੰਘ ਸਮੇਤ ਸਾਰੇ ਸਟਾਫ ਮੈਂਬਰਾਂ ਵੱਲੋਂ ਸਾਰੀਆਂ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕੀਤੀ ਗਈ। ਸੈਮੀਨਾਰ ਮੁਕਾਬਲੇ ਵਿੱਚ ਡੀਏਵੀ ਸਕੂਲ ਕਾਲਾਂਵਾਲੀ ਨੇ ਪਹਿਲਾ, ਗਰਲ ਸਕੂਲ ਕਾਲਾਂਵਾਲੀ ਨੇ ਦੂਜਾ ਤੇ ਦੇਸੂ ਮਲਕਾਣਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਨਾਟਕ ਵਿੱਚ ਮਿਡਲ ਸਕੂਲ ਕਿੰਗਰਾ ਨੇ ਪਹਿਲਾ ਸਥਾਨ ਹਾਸਲ ਕੀਤਾ। ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿੱਚ ਕਿਰਨਦੀਪ ਕੌਰ, ਗੁਰਚਰਨ ਕੌਰ, ਰੀਨਾ ਰਾਣੀ ਨੇ ਅਹਿਮ ਭੂਮਿਕਾ ਨਿਭਾਈ।

ਵਸੰਤ ਵੈਲੀ ਪਬਿਲਕ ਸਕੂਲ ਦੇ ਵਿਦਿਆਰਥੀਆਂ ਵੱਲੋਂ ਲੰਗਰ ਭਵਨ ਦਾ ਦੌਰਾ

ਸੰਗਰੂਰ (ਪ੍ਰਵੀਨ ਸਿੰਘ)-ਸ੍ਰੀ ਦੁਰਗਾ ਸੇਵਾ ਦਲ ਲੰਗਰ ਭਵਨ ਸਿਵਲ ਹਸਪਤਾਲ ਸੰਗਰੂਰ ਵੱਲੋਂ ਸਮਾਜ ਸੇਵੀ ਕੰਮਾਂ ਤਹਿਤ ਸਿਵਲ ਹਸਪਤਾਲ ਸੰਗਰੂਰ ਵਿਖੇ ਦਾਖਲ ਮਰੀਜ਼ਾਂ ਤੇ ਉਨ੍ਹਾਂ ਦੀ ਦੇਖ-ਰੇਖ ਕਰਨ ਵਾਲੇ ਵਿਅਕਤੀਆਂ ਲਈ ਚਲਾਏ ਜਾ ਰਹੇ ਲੰਗਰ ਨੂੰ ਦੇਖਣ ਲਈ ਵਸੰਤ ਵੈਲੀ ਪਬਿਲਕ ਸਕੂਲ ਲੱਡਾ ਦੇ ਵਿਦਿਆਰਥੀ ਪਹੁੰਚੇ।ਇਸ ਮੌਕੇ ਬੱਚਿਆਂ ਵੱਲੋਂ ਲੰਗਰ ਤਿਆਰ ਕਰਨ ਦੀ ਵਿਧੀ ਨੂੰ ਦੇਖਿਆ ਗਿਆ ਤੇ ਤਿਆਰ ਕੀਤਾ ਗਿਆ ਲੱਗਰ ਮਰੀਜ਼ਾਂ ਤੇ ਉਨ੍ਹਾਂ ਦੀ ਦੇਖ-ਰੇਖ ਕਰਨ ਵਾਲੇ ਵਿਅਕਤੀਆਂ ਨੂੰ ਵੰਡਿਆ ਗਿਆ।ਬੱਚਿਆਂ ਨੇ ਖੁਦ ਲੰਗਰ ਛਕਣ ਦਾ ਵੀ ਆਨੰਦ ਲਿਆ।ਇਸ ਮੌਕੇ ਸੰਸਥਾ ਦੇ ਪ੍ਰਧਾਨ ਸ੍ਰੀ ਅਰੂਪ ਸਿੰਗਲਾ ਨੇ ਬੱਚਿਆਂ ਨੂੰ ਜਾਣਕਾਰੀ ਦਿੰਦੇ ਕਿਹਾ ਕਿ ਸੰਸਥਾ ਵੱਲੋਂ 16 ਫਰਵਰੀ 2004 ਤੋਂ ਲਗਾਤਾਰ ਸਿਵਲ ਹਸਪਤਾਲ ਸੰਗਰੂਰ ਤੇ ਕੈਂਸਰ ਹਸਪਤਾਲ ਵਿੱਚ ਦਾਖਲ ਮਰੀਜ਼ਾਂ ਤੇ ਉਨ੍ਹਾਂ ਦੀ ਦੇਖ-ਰੇਖ ਕਰਨ ਵਾਲੇ ਵਿਅਕਤੀਆਂ ਨੂੰ ਸਵੇਰ ਤੋਂ ਲੈ ਕੇ ਸ਼ਾਮ ਤੱਕ ਦਾ ਭੋਜਨ ਮੁਹੱਈਆ ਕਰਵਾਇਆ ਜਾਂਦਾ ਹੈ।ਇਸ ਦੇ ਨਾਲ ਹੀ ਹਸਪਤਾਲ ਵਿਖੇ ਇਲਾਜ ਕਰਵਾ ਰਹੇ ਮਰੀਜ਼ਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਜਿਵੇਂ ਕਿ ਪੀਣ ਲਈ ਸ਼ੁੱਧ ਪਾਣੀ, ਬਿਸਤਰੇ, ਪੱਖੇ ਦੇ ਨਾਲ-ਨਾਲ ਦਵਾਈਆਂ ਦਾ ਵੀ ਪ੍ਰਬੰਧ ਕੀਤਾ ਜਾਂਦਾ ਹੈ।ਉਨ੍ਹਾਂ ਇਸ ਮੌਕੇ ਦੱਸਿਆ ਕਿ ਵਸੰਤ ਵੈਲੀ ਪਬਲਿਕ ਸਕੂਲ ਦੇ ਚੇਅਰਮੈਨ ਸ੍ਰੀ ਸਜੇ ਗੁਪਤਾ ਦੀ ਪ੍ਰੇਰਮਾ ਦੇ ਨਾਲ ਪਿਛਲੇ ਲੰਬੇ ਸਮੇਂ ਤੋਂ ਬੱਚਿਆਂ ਵੱਲੋਂ ਇੱਥੇ ਲੰਗਰ ਭਵਨ ਦਾ ਦੌਰਾ ਕੀਤਾ ਜਾਂਦਾ ਹੈ, ਜਿਸ ਵਿੱਚ ਕੰਮ ਆਉਣ ਵਾਲੀਆਂ ਪੁਰਾਣੀਆਂ ਵਸਤੂਆਂ ਜਿਵੇਂ ਕਿ ਬਰਤਨ, ਲੰਚ ਬਾਕਸ, ਜੂਤੇ, ਬੋਤਲ ਆਦਿ ਆਪਣੇ ਘਰਾਂ ਤੋਂ ਲੈ ਕੇ ਲੰਗਰ ਭਵਨ ਵਿਖੇ ਦਿੱਤੀਆਂ ਜਾਂਦੀਆਂ ਹਨ ਜੋ ਕਿ ਸੰਸਥਾ ਦੇ ਵੱਲੋਂ ਜ਼ਰੂਰਤਮੰਦਾਂ ਨੂੰ ਵੰਡੀਆਂ ਜਾਂਦੀਆਂ ਹਨ।ਉਨ੍ਹਾਂ ਇਸ ਮੌਕੇ ਆਪਣੇ ਨਾਲ ਸਕੂਲ ਦੇ ਸਟਾਫ ਮੈਂਬਰ ਤੇ ਸਕੂਲ ਦੇ ਚੇਅਰਮੈਨ ਦਾ ਧੰਨਵਾਦ ਕੀਤਾ।

ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ

ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਛੀਵਾੜਾ ਸਾਹਿਬ ਵਿਖੇ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਿੱਖਿਆ ਸਪਤਾਹ ਦੇ ਸੱਤਵੇਂ ਦਿਨ 'ਸਮੂਦਾਇ ਦੀ ਸ਼ਮੂਲੀਅਤ ਦਿਵਸ' ਅਧੀਨ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਸਹਿਯੋਗ ਨਾਲ ਸਾਲਾਨਾ ਇਨਾਮ ਵੰਡ ਸਮਾਰੋਹ ਕੀਤਾ ਗਿਆ।ਇਸ ਸਮਾਗਮ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਰਾਜਪਾਲ ਸਿੰਘ, ਸਕੂਲ ਦੇ ਸਾਬਕਾ ਪ੍ਰਿੰਸੀਪਲ ਮੈਡਮ ਚਰਨਜੀਤ ਕੌਰ, ਮੈਂਬਰ ਕੁਲਵਿੰਦਰ ਸਿੰਘ, ਪਰਮਜੀਤ ਸਿੰਘ ਤੇ ਸਮੇਤ ਸਕੂਲ ਦੇ ਇੰਚਾਰਜ ਮੈਡਮ ਹਰਦੀਪ ਕੌਰ ਅਤੇ ਸਮੂਹ ਸਟਾਫ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਛੇਵੀਂ ਜਮਾਤ ਤੋਂ ਲੈ ਕੇ ਬਾਰਵੀਂ ਜਮਾਤ ਤੱਕ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕਰਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਇਸ ਤੋਂ ਬਿਨਾਂ ਖੇਡਾਂ ਦੇ ਖੇਤਰ ਵਿੱਚ ਵੀ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਮੈਰਿਟ ਸਰਟੀਫਿਕੇਟ ਦਿੱਤੇ ਗਏ।ਸਕੂਲ ਦੇ ਸਾਬਕਾ ਪ੍ਰਿੰਸੀਪਲ ਸ੍ਰੀਮਤੀ ਚਰਨਜੀਤ ਕੌਰ ਨੇ ਸਾਰੇ ਵਿਦਿਆਰਥੀਆਂ ਨੂੰ ਅੱਗੇ ਵਧਣ ਦੀ ਪ੍ਰੇਰਣਾ ਦਿੱਤੀ।ਸਕੂਲ ਦੇ ਇੰਚਾਰਜ ਸ੍ਰੀਮਤੀ ਹਰਦੀਪ ਕੌਰ ਵੱਲੋਂ ਸਕੂਲ ਮੈਨੇਜਮੈਂਟ ਕਮੇਟੀ ਦਾ ਸਕੂਲ ਆਉਣ ਤੇ ਧੰਨਵਾਦ ਕੀਤਾ ਗਿਆ।ਅੱਜ ਦੇ ਇਸ ਵਿਸ਼ੇਸ਼ ਦਿਨ 'ਤੇ ਹਮਰਿੰਦਰ ਕੌਰ ਤੇ ਹੁਸ਼ਿਆਰ ਸਿੰਘ ਨੇ ਸਟੇਜ ਦਾ ਸੰਚਾਲਨ ਕੀਤਾ।ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

ਮਿਲੇਨੀਅਮ ਸਕੂਲ ਨੇ ਮਨਾਇਆ 'ਤੀਜ' ਦਾ ਤਿਉਹਾਰ

ਕੋਟਕਪੂਰਾ (ਰਛਪਾਲ ਭੁੱਲਰ)-ਇੰਟਰਨੈਸ਼ਨਲ ਮਿਲੇਨੀਅਮ ਸਕੂਲ ਪੰਜਗਰਾਈਂ ਕਲਾਂ ਵਿਖੇ 'ਤੀਜ' ਦਾ ਤਿਉਹਾਰ ਬੜੀ ਧੂਮ-ਧਾਮ ਤੇ ਉਤਸ਼ਾਹ ਨਾਲ ਮਨਾਇਆ ਗਿਆ।ਸਕੂਲ ਦੀਆਂ ਵਿਦਿਆਰਥਣਾਂ ਨੇ ਆਪਣੇ ਰਵਾਇਤੀ ਪਹਿਰਾਵੇ ਵਿੱਚ ਸੱਜ ਕੇ ਆਪਣੇ ਸੱਭਿਆਚਾਰਕ ਵਿਰਸੇ ਨੂੰ ਦਰਸਾਉਂਦੇ ਹੋਏ ਵੱਖ-ਵੱਖ ਗਤੀਵਿਧੀਆਂ ਤੇ ਸਮਾਗਮਾਂ ਵਿੱਚ ਭਾਗ ਲਿਆ।ਇਸ ਮੌਕੇ ਦੀ ਭਾਵਨਾ ਨੂੰ ਦਰਸਾਉਂਦੇ ਹੋਏ ਸਕੂਲ ਦਾ ਵਿਹੜਾ ਇੱਕ ਰੰਗੀਨ ਮਾਹੌਲ ਵਿੱਚ ਬਦਲ ਗਿਆ।ਲੜਕੀਆਂ ਨੇ ਆਪਣੇ ਹੱਥਾਂ 'ਤੇ ਗੁੰਝਲਦਾਰ ਮਹਿੰਦੀ ਦੇ ਡਿਜ਼ਾਈਨ ਬਣਾਏ, ਰਵਾਇਤੀ ਤੀਜ ਦੇ ਗੀਤ ਗਾਏ ਤੇ ਲੋਕ ਨਾਚ ਪੇਸ਼ ਕਰਦੇ ਹੋਏ ਸਾਰਿਆਂ ਨੇ ਖੂਬ ਆਨੰਦ ਮਾਣਿਆ।ਸਮਾਗਮ ਨੂੰ ਸਕੂਲ ਦੇ ਚੇਅਰਮੈਨ ਜਸਕਰਨ ਸਿੰਘ ਨੇ ਸੰਬੋਧਨ ਕਰਦਿਆਂ ਤੀਜ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਇਸਤਰੀਵਾਦ, ਪਿਆਰ ਤੇ ਸ਼ਰਧਾ ਦਾ ਤਿਉਹਾਰ ਮਨਾਉਣ ਦੀ ਅਪੀਲ ਕਰਦਿਆਂ ਵਿਦਿਆਰਥੀਆਂ ਨੂੰ ਤਿਉਹਾਰ ਦੀਆਂ ਪ੍ਰੰਪਰਾਵਾਂ ਵਿੱਚ ਡੂੰਘੀਆਂ ਜੜ੍ਹਾਂ ਰੱਖਣ ਵਾਲੇ ਹੌਸਲੇ, ਲਚਕੀਲੇਪਣ ਤੇ ਹਮਦਰਦੀ ਦੀਆਂ ਕਦਰਾਂ-ਕੀਮਤਾਂ ਨੂੰ ਅਪਣਾਉਣ ਲਈ ਉਤਸ਼ਾਹਤ ਕੀਤਾ। ਸਮਾਰੋਹ ਦੀ ਸਮਾਪਤੀ ਇਨਾਮ ਵੰਡ ਸਮਾਰੋਹ ਨਾਲ ਹੋਈ, ਜਿੱਥੇ ਵੱਖ-ਵੱਖ ਮੁਕਾਬਲਿਆਂ 'ਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ, ਉੱਥੇ ਹੀ ਸਕੂਲ ਦੇ ਸਮੂਹ ਸਟਾਫ ਸਮੇਤ ਮੈਨੇਜਮੈਂਟ ਵੱਲੋਂ ਵਿਦਿਆਰਥੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਤੀਜ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ।

ਆਂਗਨਵਾੜੀ ਵਰਕਰਾਂ ਨੇ ਡੀ ਸੀ ਨੂੰ ਦਿੱਤਾ ਮੰਗ ਪੱਤਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਆਂਗਨਵਾੜੀ ਵਰਕਰਾਂ ਨੇ ਸੀਡੀਪੀਓ/ਸੁਪਰਵਾਈਜ਼ਰ/ਆਂਗਨਵਾੜੀ ਵਰਕਰ ਬਿਕਰਮਜੀਤ ਸਿੰਘ ਬਾਲ ਵਿਕਾਸ ਪ੍ਰੋਜੈਕਟ ਅਫਸਰ ਰਈਆ (ਅੰਮ੍ਰਿਤਸਰ ਸਾਹਿਬ) ਦੀ ਮੁਅੱਤਲੀ ਦੀ ਨਿਖੇਧੀ ਕਰਦੇ ਹੋਏ ਮੰਗ ਕੀਤੀ ਕਿ ਜੋ ਅਧਿਕਾਰੀ ਇਸ ਤਰ੍ਹਾਂ ਅਫਸਰਾਂ ਨੂੰ ਡਰਾਉਣ ਦੀ ਕੋਸ਼ਿਸ਼ ਕਰਦੇ ਹਨ, ਦੇ ਮਾੜਾ ਰਾਸ਼ਨ ਸਪਲਾਈ ਕਰਨ ਵਾਲੀ ਫਰਮ ਦੇ ਨਾਲ ਇਨ੍ਹਾਂ ਦੇ ਕੀ ਸਬੰਧ ਹਨ, ਦੀ ਜਾਂਚ ਕੀਤੀ ਜਾਵੇ। ਇਸ ਸਬੰਧੀ ਫਿਰੋਜ਼ਪੁਰ ਦੀ ਆਂਗਨਵਾੜੀ ਦੀ ਪ੍ਰਧਾਨ ਜ਼ਿਲ੍ਹਾ ਰਾਣੀ ਦੀ ਅਗਵਾਈ ਵਿੱਚ ਡੀਸੀ ਫਿਰੋਜ਼ਪੁਰ ਨੂੰ ਮੰਗ ਪੱਤਰ ਸੌਂਪਿਆ ਗਿਆ। ਜ਼ਿਲ੍ਹਾ ਪ੍ਰਧਾਨ ਸ਼ੀਲਾ ਰਾਣੀ ਨੇ ਕਿਹਾ ਕਿ ਵਿਭਾਗ ਦੀ ਵਿਸ਼ੇਸ਼ ਮੁੱਖ ਸਕੱਤਰ ਵੱਲੋਂ ਬਿਕਰਮਜੀਤ ਸਿੰਘ ਦੇ ਮੁਅੱਤਲੀ ਦੇ ਹੁਕਮਾਂ ਵਿਚ ਮੁਅੱਤਲੀ ਦਾ ਕਾਰਨ ਇਹ ਦੱਸਿਆ ਗਿਆ ਹੈ ਕਿ ਉਨ੍ਹਾਂ ਵੱਲੋਂ ਆਪਣੇ ਨਾਲ ਦੇ ਅਧਿਕਾਰੀਆਂ ਨੂੰ ਆਂਗਨਵਾੜੀ ਸੈਂਟਰਾਂ ਦੀ ਚੈਕਿੰਗ ਸਬੰਧੀ ਗਲਤ ਰੂਪ ਵਿੱਚ ਪ੍ਰੇਰਿਤ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਬਿਕਰਮਜੀਤ ਸਿੰਘ ਵੱਲੋਂ ਆਪਣੇ ਸਹਿਕਰਮੀਆਂ ਨੂੰ ਕਿਹਾ ਗਿਆ ਸੀ ਕਿ ਕੇਵਲ ਜੀਭ ਦੇ ਸੁਆਦ ਤੋਂ ਰਾਸ਼ਨ ਦੀ ਕੁਆਲਟੀ ਦਾ ਅੰਦਾਜ਼ਾ ਨਾ ਲਗਾ ਕੇ ਵਿਭਾਗ ਕੋਲੋਂ ਰਾਸ਼ਨ ਦੀ ਲੈਬ ਟੈਸਟਿੰਗ ਦੀ ਮੰਗ ਕੀਤੀ ਜਾਵੇ, ਜਿਸ ਵਿੱਚ ਕੋਈ ਵੀ ਗਲਤ ਪ੍ਰੇਰਨਾ ਨਹੀਂ ਹੈ ਤੇ ਇਹ ਅਧਿਕਾਰੀ ਆਪਣੇ ਬਿਆਨ 'ਤੇ ਅੱਜ ਵੀ ਕਾਇਮ ਹੈ, ਕਿਉਂਕਿ ਆਂਗਨਵਾੜੀ ਸੈਂਟਰਾਂ ਨੂੰ ਭੇਜੇ ਜਾਣ ਵਾਲੇ ਮਾੜੇ ਰਾਸ਼ਨ ਦਾ ਤੱਥ ਕਿਸੇ ਵਿਅਕਤੀ ਵਿਸ਼ੇਸ਼ ਤੋਂ ਲੁਕਿਆ ਨਹੀਂ ਹੈ। ਵਿਭਾਗ ਦੀ ਸਕੱਤਰ ਵੱਲੋਂ ਬਿਕਰਮਜੀਤ ਸਿੰਘ ਨੂੰ ਕੋਈ ਕਾਰਨ ਦੱਸੋ ਨੋਟਿਸ ਤੱਕ ਜਾਰੀ ਨਹੀਂ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਨੇ ਮੰਗ ਕੀਤੀ ਹੈ ਕਿ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਉੱਚ ਅਧਿਕਾਰੀਆਂ ਦੀ ਜਾਂਚ ਕੀਤੀ ਜਾਵੇ, ਇਨ੍ਹਾਂ ਵੱਲੋਂ ਰਾਸ਼ਨ ਸਪਲਾਈ ਕਰਨ ਵਾਲੀ ਫਰਮ ਦੀ ਚੋਣ ਕੀਤੀ ਗਈ ਸੀ। ਪੰਜਾਬ ਦੀਆਂ ਗਰਭਵਤੀ ਮਾਂਵਾਂ ਤੇ ਛੋਟਿਆਂ ਬੱਚਿਆਂ ਨੂੰ ਜੋ ਜ਼ਹਿਰ ਰੂਪੀ ਰਾਸ਼ਨ ਵੰਡਿਆ ਜਾ ਰਿਹਾ ਹੈ, ਸਬੰਧੀ ਉੱਚ ਅਧਿਕਾਰੀਆਂ ਦੀ ਜਾਂਚ ਕਰਕੇ ਅਜਿਹੇ ਅਧਿਕਾਰੀਆਂ ਖਿਲਾਫ ਕਾਰਵਾਈ ਕੀਤੀ ਜਾਵੇ। ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਪ੍ਰਕਾਸ਼ ਕੌਰ, ਸਰਕਲ ਪ੍ਰਧਾਨ ਗੁਰਮੀਤ ਕੌਰ, ਏ ਡਬਲਯੂ ਡਬਲਯੂ ਗੁਰਮੀਤ ਕੌਰ, ਏ ਡਬਲਯੂ ਡਬਲਯੂ ਜੋਗਿੰਦਰ ਕੌਰ, ਏ ਡਬਲਯੂ ਡਬਲਯੂ ਮਨਮੋਹਨ ਕੌਰ ਹਾਜ਼ਰ ਸਨ।

ਲੋਕ ਸੰਗਰਾਮ ਮੋਰਚਾ ਪੰਜਾਬ ਵੱਲੋਂ ਸ਼ਹੀਦਾਂ ਨੂੰ ਸਮਰਪਤ ਕਨਵੈਨਸ਼ਨ

ਮੋਗਾ (ਇਕਬਾਲ ਸਿੰਘ ਖਹਿਰਾ)-ਲੋਕ ਸੰਗਰਾਮ ਮੋਰਚਾ ਪੰਜਾਬ ਦੀ ਅਗਵਾਈ ਵਿੱਚ ਜੁਲਾਈ ਦੇ ਸ਼ਹੀਦਾਂ ਨੂੰ ਸਮਰਪਤ ਕਨਵੈਨਸ਼ਨ ਦਾ ਮੋਗਾ ਵਿਖੇ ਆਯੋਜਨ ਕੀਤਾ ਗਿਆ। ਇਹ ਕਨਵੈਨਸ਼ਨ ਮੋਰਚੇ ਦੇ ਸੂਬਾ

30-JULY-PAGE 3 ADVT.qxd 7/29/2024 10:34 PM Page 1

ਨਵਾਂ ਜ਼ਮਾਨਾ
ਮੰਗਲਵਾਰ, 30 ਜੁਲਾਈ 2024

ਟਰੰਪ ਦਾ ਮਾਰਕਸਵਾਦ 'ਤੇ ਹਮਲਾ

ਇਸ ਸਮੇਂ ਦੁਨੀਆ ਦੀਆਂ ਨਜ਼ਰਾਂ ਅਮਰੀਕਾ ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਉੱਤੇ ਲੱਗੀਆਂ ਹੋਈਆਂ ਹਨ। ਰਿਪਬਲਿਕਨ ਪਾਰਟੀ ਵੱਲੋਂ ਡੋਨਾਲਡ ਟਰੰਪ ਨੂੰ ਮੁੜ ਉਮੀਦਵਾਰ ਬਣਾਇਆ ਗਿਆ ਹੈ। ਉਸ ਦੇ ਮੁਕਾਬਲੇ ਡੈਮੋਕਰੇਟਸ ਵੱਲੋਂ ਪਹਿਲਾਂ ਮੌਜੂਦਾ ਰਾਸ਼ਟਰਪਤੀ ਜੋਅ ਬਾਇਡੇਨ ਚੋਣ ਮੈਦਾਨ ਵਿੱਚ ਨਿਤਰਨਾ ਚਾਹੁੰਦੇ ਸਨ, ਪਰ ਆਪਣੀ ਹਾਲਤ ਪਤਲੀ ਵੇਖ ਕੇ ਉਹ ਪਿੱਛੇ ਹਟ ਗਏ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਹਮਾਇਤ ਦੇ ਦਿੱਤੀ। ਹਾਲਾਂਕਿ ਪਾਰਟੀ ਨੇ ਹਾਲੇ ਤੱਕ ਕਮਲਾ ਹੈਰਿਸ ਦੀ ਉਮੀਦਵਾਰੀ 'ਤੇ ਮੋਹਰ ਨਹੀਂ ਲਾਈ, ਪਰ ਸਮਝਿਆ ਜਾਂਦਾ ਹੈ ਕਿ ਉਹੀ ਉਮੀਦਵਾਰ ਬਣੇਗੀ।

ਆਮ ਤੌਰ ਸਮਝਿਆ ਜਾਂਦਾ ਹੈ ਅਮਰੀਕਾ ਵਿੱਚ ਰਾਸ਼ਟਰਪਤੀ ਕਿਸੇ ਵੀ ਪਾਰਟੀ ਦਾ ਜਿੱਤੇ ਬਦੇਸ਼ੀ ਤੇ ਘਰੋਗੀ ਨੀਤੀਆਂ ਵਿੱਚ ਬਹੁਤਾ ਬਦਲਾਅ ਨਹੀਂ ਆਉਂਦਾ। ਪਰ ਪਿਛਲੇ ਦਹਾਕੇ ਦੌਰਾਨ ਦੁਨੀਆ ਇੱਕ ਨਵੇਂ ਦੌਰ ਵਿੱਚ ਦਾਖ਼ਲ ਹੋ ਚੁੱਕੀ ਹੈ। 1990 ਵਿੱਚ ਸੋਵੀਅਤ ਕੈਂਪ ਦੇ ਢਹਿ-ਢੇਰੀ ਹੋਣ ਤੋਂ ਬਾਅਦ ਇਹ ਮੰਨ ਲਿਆ ਗਿਆ ਸੀ ਕਿ ਸਮਾਜਵਾਦ ਤੇ ਕਮਿਊਨਿਜ਼ਮ ਖ਼ਤਮ ਤੇ ਪੂੰਜੀਵਾਦ ਸਦਾ ਲਈ ਅਮਰ ਹੋ ਚੁੱਕਾ ਹੈ। ਇਸੇ ਖੁਮਾਰੀ ਵਿੱਚ ਪੂੰਜੀਵਾਦ ਨੇ ਅਮਰੀਕੀ ਸਰਦਾਰੀ ਹੇਠ ਖੁੱਲ੍ਹ ਕੇ ਖੇਡਣਾ ਸ਼ੁਰੂ ਕਰ ਦਿੱਤਾ ਸੀ। ਕਾਰਪੋਰੇਟ ਪੂੰਜੀ ਨੇ ਨਵੀਂ ਆਰਥਿਕ ਉਦਾਰਵਾਦੀ ਨੀਤੀਆਂ ਨੂੰ ਭੂਮੰਡਲੀਕਰਨ ਰਾਹੀਂ ਸਮੁੱਚੇ ਸੰਸਾਰ ਸਿਰ ਮੜ੍ਹ ਕੇ ਆਪਣੀ ਲੁੱਟ ਦਾ ਵਿਸ਼ਵੀਕਰਨ ਕਰ ਦਿੱਤਾ ਸੀ। ਇਨ੍ਹਾਂ ਨੀਤੀਆਂ ਰਾਹੀਂ ਸ਼ੁਰੂ ਹੋਈ ਲੁੱਟ ਨੇ ਵੱਖ-ਵੱਖ ਦੇਸ਼ਾਂ ਵਿੱਚ ਰੁਜ਼ਗਾਰ, ਸਿਹਤ ਸੇਵਾਵਾਂ ਤੇ ਸਿੱਖਿਆ ਦੇ ਖੇਤਰ ਵਿੱਚ ਅਜਿਹੇ ਸੰਕਟ ਖੜ੍ਹੇ ਕਰ ਦਿੱਤੇ, ਜਿਸ ਨੇ ਗਰੀਬ ਅਤੇ ਆਮ ਅਬਾਦੀ ਵਿੱਚ ਬੇਚੈਨੀ ਨੂੰ ਸਿਖਰ ਉੱਤੇ ਪੁਚਾ ਦਿੱਤਾ ਹੈ। ਕਾਰਪੋਰੇਟੀ ਲੁੱਟ ਦੇ ਮੁੱਖ ਹਥਿਆਰਾਂ, ਵਿਸ਼ਵ ਬੈਂਕ ਤੇ ਕੌਮਾਂਤਰੀ ਮੁਦਰਾਕੋਸ਼ ਨੂੰ ਵੀ ਇਹ ਮੰਨਣਾ ਪਿਆ ਕਿ ਆਉਣ ਵਾਲੇ ਸਮੇਂ ਦੌਰਾਨ ਦੁਨੀਆ ਭਰ ਦੇ ਸਮਾਜਾਂ ਵਿੱਚ ਤਣਾਅ ਵਧਣਗੇ। ਪਰਵਾਸੀਆਂ ਵਿਰੁੱਧ ਕੱਟੜ ਰਾਸ਼ਟਰਵਾਦੀ ਅੰਦੋਲਨ ਤੇਜ਼ ਹੋਣਗੇ। ਸਮਾਜਿਕ, ਸੱਭਿਆਚਾਰਕ ਤੇ ਨਸਲੀ ਟਕਰਾਵਾਂ ਕਾਰਨ ਕਾਰਪੋਰੇਟ ਪੂੰਜੀ ਦਾ ਵਿਕਾਸ ਰੁਕ ਜਾਵੇਗਾ। ਇਹ ਕਾਰਪੋਰੇਟ ਪੂੰਜੀ ਦੀ ਹੋਂਦ ਲਈ ਖ਼ਤਰਾ ਵੀ ਬਣ ਸਕਦਾ ਹੈ। ਇਸ ਸਥਿਤੀ ਵਿੱਚ ਸਮੁੱਚੇ ਸੰਸਾਰ ਦੇ ਪੂੰਜੀਵਾਦੀ ਸਮਰਥਕ ਦਲ ਦੋ ਧੜਿਆਂ ਵਿੱਚ ਵੰਡ ਹੋ ਚੁੱਕੇ ਹਨ। ਇੱਕ ਪਾਸੇ ਉਹ ਹਨ, ਜਿਹੜੇ ਉਦਾਰਵਾਦੀ ਲੋਕਤੰਤਰ ਰਾਹੀਂ ਲੋਕਾਂ ਨੂੰ ਕੁਝ ਰਿਆਇਤਾਂ ਦੇ ਕੇ ਪੂੰਜੀਵਾਦ ਦੀ ਉਮਰ ਲੰਮੀ ਕਰਨਾ ਚਾਹੁੰਦੇ ਹਨ, ਦੂਜੇ ਪਾਸੇ ਉਹ, ਜਿਹੜੇ ਕਾਰਪੋਰੇਟ ਲੁੱਟ ਕਾਇਮ ਰੱਖਣ ਲਈ ਫਾਸ਼ੀਵਾਦੀ ਢੰਗ-ਤਰੀਕੇ ਅਪਣਾਉਣਾ ਚਾਹੁੰਦੇ ਹਨ। ਕਾਰਪੋਰੇਟ ਪੂੰਜੀ ਦਾ ਮਨਸੂਬਾ ਰਾਜ-ਸੱਤਾ ਉੱਤੇ ਮੁਕੰਮਲ ਕਬਜ਼ਾ ਹੈ।

ਡੋਨਾਲਡ ਟਰੰਪ ਉਸ ਕਾਰਪੋਰੇਟ ਪੂੰਜੀ ਦਾ ਨੁਮਾਇੰਦਾ ਹੈ, ਜਿਸ ਦਾ ਨਾਅਰਾ ਹੈ, ਮਜ਼ਬੂਤ ਰਾਜ ਤੇ ਕਮਜ਼ੋਰ ਲੋਕਤੰਤਰ। ਇਸ ਲਈ ਆਪਣੇ ਨਿਸ਼ਾਨੇ ਉੱਤੇ ਪੁੱਜਣ ਲਈ ਟਰੰਪ ਨੇ ਧਰੁਵੀਕਰਨ ਦਾ ਉਹੀ ਹਥਿਆਰ ਵਰਤਣਾ ਸ਼ੁਰੂ ਕਰ ਦਿੱਤਾ ਹੈ, ਜਿਹੜਾ ਪਿਛਲੇ 10 ਸਾਲ ਤੋਂ ਮੋਦੀ ਵਰਤਦਾ ਆ ਰਿਹਾ ਹੈ। ਬਿਨਾ ਸ਼ੱਕ ਆਮ ਅਮਰੀਕੀ ਉਦਾਰ ਪੂੰਜੀਵਾਦ ਦੇ ਸਮਰਥਕ ਹਨ, ਪਰ ਉਨ੍ਹਾਂ ਅੰਦਰ ਨਸਲਵਾਦ ਦਾ ਕੀੜਾ ਹਮੇਸ਼ਾ ਮੌਜੂਦਾ ਰਹਿੰਦਾ ਹੈ। ਟਰੰਪ ਇਸੇ ਕੀੜੇ ਨੂੰ ਸਰਗਰਮ ਕਰਨ ਲਈ ਲਗਾਤਾਰ ਕੋਸ਼ਿਸ਼ ਕਰ ਰਿਹਾ ਹੈ। ਉਸ ਦੀ ਸਾਰੀ ਮੁਹਿੰਮ ਗੋਰੇ ਅਮਰੀਕੀਆਂ ਉੱਤੇ ਕੇਂਦਰਤ ਹੈ। ਪਿਛਲੇ ਦਿਨੀਂ ਟਰੰਪ ਨੇ ਇਜ਼ਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਨਾਲ ਮੁਲਾਕਾਤ ਕੀਤੀ ਸੀ। ਇਹ ਮੁਲਾਕਾਤ ਇਜ਼ਰਾਈਲ ਵੱਲੋਂ ਗਾਜ਼ਾ 'ਚ ਮਾਰੇ ਜਾ ਰਹੇ ਮੁਸਲਿਮ ਬੱਚਿਆਂ ਦੀ ਕਰਤੂਤ ਦੀ ਪ੍ਰੋੜ੍ਹਤਾ ਹੀ ਸੀ।

ਕਾਰਪੋਰੇਟ ਪੂੰਜੀ ਆਪਣਾ ਸਭ ਤੋਂ ਵੱਡਾ ਦੁਸ਼ਮਣ ਮਾਰਕਸਵਾਦ ਤੇ ਸਮਾਜਵਾਦ ਨੂੰ ਸਮਝਦੀ ਹੈ। ਪਿਛਲੇ ਸ਼ੁਕਰਵਾਰ ਟਰੰਪ ਨੇ ਆਸਤਿਕਾਂ (ਆਸਥਾਵਾਦੀਆਂ) ਦੇ ਇੱਕ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਿਹਾ ਸੀ, 'ਸਾਡਾ ਫਰਜ਼ ਹੈ ਕਿ ਅਸੀਂ ਸਮਾਜਵਾਦ, ਮਾਰਕਸਵਾਦ ਤੇ ਕਮਿਊਨਿਜ਼ਮ ਨੂੰ ਹਰਾ ਦੇਈਏ।' ਇਸ ਦੇ ਨਾਲ ਹੀ ਉਨ੍ਹਾਂ ਅਪਰਾਧੀਆਂ ਤੇ ਮਨੁੱਖੀ ਤਸਕਰਾਂ ਨੂੰ ਵੀ ਹਰਾਉਣ ਦਾ ਸੱਦਾ ਦਿੱਤਾ। ਉਨ੍ਹਾ ਡੈਮੋਕਰੇਟਿਕ ਉਮੀਦਵਾਰ ਕਮਲਾ ਹੈਰਿਸ ਨੂੰ ਕੱਟੜ ਉਦਾਰਪੰਥੀ ਤੇ ਖੱਬੇ-ਪੱਖੀ ਤੱਕ ਕਿਹਾ। ਟਰੰਪ ਦਾ ਅਪਰਾਧੀਆਂ ਤੇ ਮਨੁੱਖੀ ਤਸਕਰਾਂ ਉੱਤੇ ਹਮਲਾ ਅਸਲ ਵਿੱਚ ਪ੍ਰਵਾਸੀਆਂ, ਖਾਸ ਕਰ ਮੁਸਲਮਾਨਾਂ 'ਤੇ ਹਮਲਾ ਸੀ। ਆਰ ਐੱਸ ਐੱਸ ਦੇ ਰਹਿ ਚੁੱਕੇ ਮੁਖੀ ਗੋਲਵਰਕਰ ਦੀ ਪੁਸਤਕ 'ਬੰਚ ਆਫ਼ ਥਾਟਸ' ਵਿੱਚ ਉਸ ਨੇ ਤਿੰਨ ਦੁਸ਼ਮਣ— ਮੁਸਲਿਮ, ਈਸਾਈ ਤੇ ਕਮਿਊਨਿਸਟ ਮਿਥੇ ਸਨ। ਟਰੰਪ ਦੀ ਨਜ਼ਰ ਵਿੱਚ ਵੀ ਮੁਸਲਿਮ ਤੇ ਖੱਬੇ-ਪੱਖੀ ਦੁਸ਼ਮਣ ਹਨ।

ਟਰੰਪ ਦਾ ਮਾਰਕਸਵਾਦ ਉਤੇ ਹਮਲਾ ਇਸ ਗੱਲ ਦਾ ਸਬੂਤ ਹੈ ਕਿ ਅਮਰੀਕਾ ਵਿੱਚ ਪ੍ਰਗਤੀਸ਼ੀਲ ਤੇ ਖੱਬੇ-ਪੱਖੀ ਵਿਚਾਰਧਾਰਾਵਾਂ ਦਾ ਅਸਰ ਸਮਾਜ ਵਿੱਚ ਵਧਦਾ ਜਾ ਰਿਹਾ ਹੈ। ਇਹ ਲਗਾਤਾਰ ਵਧਦਾ ਗਿਆ ਤਾਂ ਇਹ ਪੂੰਜੀਵਾਦੀ ਵਿਵਸਥਾ ਲਈ ਖ਼ਤਰਾ ਬਣ ਸਕਦਾ ਹੈ। ਇਸੇ ਲਈ ਟਰੰਪ ਮਾਰਕਸਵਾਦ ਦਾ ਹਊਆ ਖੜ੍ਹਾ ਕਰਕੇ ਉਦਾਰਵਾਦੀ ਲੋਕਤੰਤਰ ਦੇ ਹਾਮੀਆਂ ਨੂੰ ਆਪਣੇ ਪੱਖ ਵਿੱਚ ਗੋਲਬੰਦ ਕਰਨਾ ਚਾਹੁੰਦਾ ਹੈ।

ਜੇਕਰ ਇਨ੍ਹਾਂ ਚੋਣਾਂ ਵਿੱਚ ਕਮਲਾ ਹੈਰਿਸ ਜਿੱਤ ਜਾਂਦੀ ਹੈ ਤਾਂ ਬਹੁਤਾ ਫ਼ਰਕ ਪੈਣ ਵਾਲਾ ਨਹੀਂ, ਪਰ ਜੇਕਰ ਟਰੰਪ ਜਿੱਤ ਜਾਂਦਾ ਹੈ ਤਾਂ ਇਹ ਘਾਤਕ ਹੋਵੇਗਾ। ਇਹ ਮੈਕਾਰਥੀ ਯੁੱਗ ਦੀ ਵਾਪਸੀ ਹੋਵੇਗੀ। ਸੀਤ ਯੁੱਧ ਦੇ ਸ਼ੁਰੂ ਵਿੱਚ ਸੈਨੇਟਰ ਮੈਕਾਰਥੀ ਨੇ ਮਾਰਕਸਵਾਦੀਆਂ, ਪ੍ਰਗਤੀਸ਼ੀਲਾਂ ਤੇ ਖੱਬੇ-ਪੱਖੀਆਂ ਵਿਰੁੱਧ ਨਫ਼ਰਤ ਦਾ ਮਾਹੌਲ ਸਿਰਜ ਦਿੱਤਾ ਸੀ। ਇਸ ਦੇ ਸਿੱਟੇ ਵਜੋਂ ਅਨੇਕਾਂ ਖੱਬੇ-ਪੱਖੀ ਬੁੱਧੀਜੀਵੀਆਂ, ਵਿਗਿਆਨਕਾਂ ਤੇ ਕਲਾਕਾਰਾਂ ਨੂੰ ਅਮਰੀਕਾ ਛੱਡਣਾ ਪਿਆ ਸੀ। ਅਨੇਕਾਂ ਨੂੰ ਗ੍ਰਿਫ਼ਤਾਰ ਹੋਣਾ ਤੇ ਸਮਾਜ ਵਿੱਚ ਨਫ਼ਰਤ ਦਾ ਸ਼ਿਕਾਰ ਹੋਣਾ ਪਿਆ ਸੀ।

-ਚੰਦ ਫਤਿਹਪੁਰੀ

ਮੌਤ ਤੇ ਜ਼ਿੰਦਗੀ ਦੀ ਕਸ਼ਮਕਸ਼ ਹੇਠ ਕੰਮ ਕਰਦੇ ਪਾਵਰਕਾਮ ਦੇ ਕਾਮੇ

ਸੁਰਜੀਤ ਸਿੰਘ

ਉਂਝ ਤਾਂ ਪੰਜਾਬ ਦੇ ਸਾਰੇ ਹੀ ਸਰਕਾਰੀ ਮਹਿਕਮਿਆਂ ਦੇ ਦਫ਼ਤਰ ਸਟਾਫ ਦੀ ਘਾਟ ਕਾਰਨ ਖਾਲੀ ਪਏ ਹਨ। ਦਫ਼ਤਰਾਂ ਵਿਚ ਕੁਰਸੀਆਂ ਖਾਲੀ ਪਈਆਂ ਹਨ ਅਤੇ ਜਨਤਾ ਪ੍ਰੇਸ਼ਾਨ ਹੋ ਰਹੀ ਹੈ, ਪਰ ਸਰਕਾਰ ਨੂੰ ਕੋਈ ਫਰਕ ਨਹੀਂ ਪੈਂਦਾ। ਪੰਜਾਬ ਦਾ ਬਿਜਲੀ ਮਹਿਕਮਾ ਪਾਵਰਕੌਮ ਸਾਰੇ ਹੀ ਮਹਿਕਮਿਆਂ ਨਾਲੋਂ ਵੱਧ ਮਹੱਤਵਪੂਰਨ ਹੈ, ਜਿੱਥੋਂ ਰਾਜ ਦੀ ਉੱਨਤੀ ਦਾ ਪਹੀਆ ਚੱਲਦਾ ਹੈ। ਇਸ ਮਹਿਕਮੇ ਵਿਚ ਸਾਲਾਂ ਬੱਧੀ ਨਵੀਆਂ ਨਿਯੁਕਤੀਆਂ ਨਹੀਂ ਹੋਈਆਂ, ਜਿਸ ਕਾਰਨ ਕੰਮ ਖੁਣੋਂ ਲੋਕ ਤਾਂ ਪ੍ਰੇਸ਼ਾਨ ਹੋ ਰਹੇ ਹਨ, ਨਾਲ ਹੀ ਰਹਿੰਦਾ-ਖੂੰਹਦਾ ਸਟਾਫ ਵੀ ਕੰਮ ਦੇ ਬੋਝ ਕਾ ਕਰਨ ਪ੍ਰੇਸ਼ਾਨ ਹੈ।

ਪਾਵਰਕੌਮ ਦਾ ਟੈਕਨੀਕਲ ਸਟਾਫ ਤੇ ਲੋਕਾਂ ਨੂੰ ਸੁਚੱਜੀ ਬਿਜਲੀ ਸਪਲਾਈ ਦਾ ਦਾਰੋਮਦਾਰ ਹੈ, ਪਰ ਪਾਵਰਕੌਮ ਦੇ ਪੰਜਾਬ ਭਰ ਦੇ ਤਕਰੀਬਨ ਸਾਰੇ ਹੀ ਦਫ਼ਤਰਾਂ ਵਿਚ ਟੈਕਨੀਕਲ ਸਟਾਫ ਕਰੀਬ ਨਾ ਦੇ ਬਰਾਬਰ ਰਹਿ ਗਿਆ ਹੈ। ਜਿਹਨਾਂ ਦਫ਼ਤਰਾਂ ਵਿਚ 200-250 ਦੇ ਕਰੀਬ ਟੈਕਨੀਕਲ ਸਟਾਫ ਹੁੰਦਾ ਸੀ, ਉੱਥੇ ਹੁਣ 25-30 ਸੀ ਐੱਚ ਬੀ ਕਾਮਿਆਂ ਤੋਂ ਕੰਮ ਚਲਾਇਆ ਜਾ ਰਿਹਾ ਹੈ। ਅੱਜ ਦੇ ਯੁੱਗ ਵਿਚ ਖਪਤਕਾਰਾਂ ਨੂੰ 24 ਘੰਟੇ ਨਿਰਵਿਘਨ ਬਿਜਲੀ ਸਪਲਾਈ ਚਾਹੀਦੀ ਹੈ, ਜਦੋਂ ਕਦੇ ਹਨੇਰੀ ਝੱਖੜ ਕਾਰਨ ਲਾਈਨਾਂ ਦੀ ਟੁੱਟ-ਭੱਜ ਹੋ ਜਾਂਦੀ ਹੈ ਤਾਂ ਐਨੇ ਥੋੜ੍ਹੇ ਸਟਾਫ ਨਾਲ ਤੁਰੰਤ ਬਿਜਲੀ ਸਪਲਾਈ ਚਾਲੂ ਕਰਨੀ ਬਹੁਤ ਔਖੀ ਹੋ ਜਾਂਦੀ ਹੈ। ਅਜਿਹੀ ਸਥਿਤੀ ਵਿਚ ਅਧਿਕਾਰੀ ਵੀ ਪ੍ਰੇਸ਼ਾਨ ਹੋ ਜਾਂਦੇ ਹਨ। ਮਹਿਕਮਾ ਬਿਜਲੀ ਸਪਲਾਈ ਅਤੇ ਲੋਕਲ ਵੰਡ ਸਿਸਟਮ ਦੀ ਸਾਂਭ-ਸੰਭਾਲ ਠੇਕੇਦਾਰਾਂ ਦੇ ਹਵਾਲੇ ਕਰਕੇ ਸੁਰਖ਼ਰੂ ਹੋ ਕੇ ਬੈਠ ਗਿਆ ਹੈ। ਠੇਕੇਦਾਰਾਂ ਵੱਲੋਂ ਬਿਜਲੀ ਸਪਲਾਈ ਚਾਲੂ ਰੱਖਣ ਲਈ ਪਾਵਰਕੌਮ ਨੂੰ ਸੀ ਐੱਚ ਬੀ ਕਾਮੇ ਮੁਹੱਈਆ ਕਰਵਾਏ ਹੋਏ ਹਨ। ਇਹ ਕਾਮੇ ਨਿਗੂਣੀ ਜਿਹੀ ਤਨਖਾਹ 'ਤੇ ਹਰ ਰੋਜ਼ ਮੌਤ ਨਾਲ ਖੇਡਦੇ ਹਨ। ਇਹਨਾਂ ਦੀ ਜ਼ਿੰਦਗੀ ਅਤੇ ਮੌਤ ਦਾ ਫੈਸਲਾ ਮਹਿਜ਼ ਇੱਕ ਵਾਲ ਜਿੰਨਾ ਹੀ ਹੁੰਦਾ ਹੈ। ਕਈ ਵਾਰੀ ਇਹਨਾਂ ਨੂੰ ਚੱਲਦੀ ਲਾਈਨ 'ਤੇ ਕੰਮ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਪਾਵਰਕੌਮ ਦੇ ਅਸੂਲਾਂ ਮੁਤਾਬਿਕ ਪੋਲ 'ਤੇ ਚੜ੍ਹ ਕੇ ਕੰਮ ਕਰਨ ਲਈ ਸਕਿਲਡ ਲਾਈਨਮੈਨ ਨੂੰ ਸਮਰੱਥ ਅਧਿਕਾਰੀ ਵੱਲੋਂ ਅਥੋਰੀਜ਼ ਕੀਤਾ ਜਾਂਦਾ ਹੈ ਜੋ ਕਿ ਜੇ ਈ ਦੀ ਨਿਗਰਾਨੀ ਹੇਠ ਪੋਲ 'ਤੇ ਚੜ੍ਹ ਕੇ ਬਿਜਲੀ ਸਪਲਾਈ ਲਾਈਨ ਦਾ ਨੁਕਸ ਦਰੁਸਤ ਕਰੇਗਾ, ਪਰ ਇੱਥੇ ਆਲਮ ਹੀ ਹੋਰ ਹੈ, ਕਿਉਂਕਿ ਦਫਤਰ ਵਿਚ ਟੈਕਨੀਕਲ ਸਟਾਫ ਤਾਂ ਹੈ ਹੀ ਨਹੀਂ। ਸਰਕਾਰੀ ਕੰਮ ਵਿਚ ਜੋ ਵੀ ਵਰਕਰ ਚੰਗਾ ਕੰਮ ਕਰਦਾ ਹੈ, ਉਸ ਨੂੰ ਹੀ ਸਾਰਾ ਕੰਮ ਸੌਂਪ ਦਿੱਤਾ ਜਾਂਦਾ ਹੈ, ਭਾਵੇਂ ਉਹ ਉਸ ਕੰਮ ਨੂੰ ਕਰਨ ਵਿਚ ਸਮਰੱਥ ਹੋਵੇ ਜਾਂ ਨਾ। ਇਸੇ ਤਰ੍ਹਾਂ ਜਦੋਂ ਮਹਿਕਮੇ ਕੋਲ ਟੈਕਨੀਕਲ ਸਟਾਫ ਹੀ ਨਹੀਂ ਤਾਂ ਇਹਨਾਂ ਸੀ ਐੱਚ ਬੀ ਕਾਮਿਆਂ ਨੂੰ ਹੀ ਮੌਤ ਦੇ ਮੂੰਹ ਵਿੱਚ ਧੱਕ ਦਿੱਤਾ ਜਾਂਦਾ ਹੈ। ਵੱਡੀ ਅਤੇ ਮਹੱਤਵਪੂਰਨ ਗੱਲ ਇਹ ਵੀ ਹੈ ਇਹਨਾਂ ਨਿਗੂਣੀ ਜਿਹੀ ਤਨਖਾਹ ਲੈਣ ਵਾਲਿਆਂ ਦਾ ਡਿਊਟੀ ਟਾਈਮ ਕੋਈ ਫਿਕਸ ਨਹੀਂ ਹੈ, ਇਹ ਚੌਵੀ ਘੰਟੇ ਡਿਊਟੀ 'ਤੇ ਰਹਿੰਦੇ ਹਨ। ਜੇਕਰ ਕਿਸੇ ਕਾਰਨ ਕਰਕੇ ਡਿਊਟੀ ਵਿਚ ਕੋਤਾਹੀ ਹੋ ਗਈ ਤਾਂ ਇਹਨਾਂ ਨੂੰ ਜੇ ਈ ਦੀਆਂ ਝਿੜਕਾਂ ਵੀ ਖਾਣੀਆਂ ਪੈਂਦੀਆਂ ਹਨ। ਬਹੁਤ ਸਾਰੀਆਂ ਘਟਨਾਵਾਂ ਅਜਿਹੀਆਂ ਹੋਈਆਂ ਹਨ ਕਿ ਸਪਲਾਈ ਲਾਈਨਾਂ 'ਤੇ ਕੰਮ ਕਰਦੇ ਵਕਤ ਸੀ ਐਚ ਬੀ ਕਾਮੇ ਮੌਤ ਦੇ ਮੂੰਹ ਵਿੱਚ ਚਲੇ ਗਏ। ਮਹਿਕਮੇ ਦੇ ਨਿਯਮਾਂ ਮੁਤਾਬਿਕ ਜਦੋਂ ਕੋਈ ਰੈਗੂਲਰ ਟੈਕਨੀਕਲ ਕਾਮਾ ਕਿਸੇ ਬਿਜਲੀ ਹਾਦਸੇ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਉਸ ਨੂੰ ਸਾਰੇ ਸੇਵਾ ਲਾਭ ਦਿੱਤੇ ਜਾਂਦੇ ਹਨ ਅਤੇ ਉਸ ਦੇ ਪਰਵਾਰ ਦੇ ਇੱਕ ਮੈਂਬਰ ਨੂੰ ਤਰਸ ਦੇ ਅਧਾਰ 'ਤੇ ਨੌਕਰੀ ਵੀ ਦਿੱਤੀ ਜਾਂਦੀ ਹੈ। ਜੇਕਰ ਉਹ ਹਸਪਤਾਲ ਵਿਚ ਜ਼ੇਰੇ ਇਲਾਜ ਹੈ ਤਾਂ ਉਸ ਦੇ ਮੈਡੀਕਲ ਬਿੱਲਾਂ ਦੀ ਪ੍ਰਤੀ ਪੂਰਤੀ ਵੀ ਪਾਵਰਕੌਮ ਨਿਯਮਾਂ ਅਨੁਸਾਰ ਕਰਦਾ ਹੈ, ਪਰ ਇਹਨਾਂ ਸੀ ਐੱਚ ਬੀ ਕਾਮਿਆਂ ਨੂੰ ਅਜਿਹੀ ਕੋਈ ਸਹੂਲਤ ਬਿਲਕੁਲ ਵੀ ਨਹੀਂ। ਜੇਕਰ ਕੰਮ ਕਰਦੇ ਵਕਤ ਹਾਦਸੇ ਦਾ ਸ਼ਿਕਾਰ ਹੋ ਕੇ ਜ਼ਖਮੀ ਹੋ ਗਿਆ ਤਾਂ ਆਪਣੇ ਆਪ ਆਪਣਾ ਇਲਾਜ ਕਰਵਾਏ। ਬਹੁਤ ਥੋੜ੍ਹੀ ਤਨਖਾਹ ਲੈਣ ਵਾਲੇ ਇਹਨਾਂ ਕਾਮਿਆਂ ਕੋਲ ਐਨਾ ਪੈਸਾ ਹੀ ਨਹੀਂ ਹੁੰਦਾ ਕਿ ਉਹ ਆਪਣਾ ਚੰਗਾ ਇਲਾਜ ਕਰਵਾ ਸਕਣ। ਨਤੀਜੇ ਦੇ ਤੌਰ 'ਤੇ ਬਹੁਤ ਸਾਰੇ ਕਾਮਿਆਂ ਦੀ ਰੀੜ੍ਹ ਦੀ ਹੱਡੀ ਟੁੱਟਣ ਕਾਰਨ ਉਹ ਉਮਰ ਭਰ ਲਈ ਅਪਾਹਿਜ ਹੋ ਜਾਂਦੇ ਹਨ।



ਉਹਨਾਂ ਦਾ ਪਰਵਾਰ ਦਾਣੇ-ਦਾਣੇ ਦਾ ਮੋਹਤਾਜ਼ ਹੋ ਕੇ ਰਹਿ ਜਾਂਦਾ ਹੈ। ਅਜੇ ਕੁਝ ਦਿਨ ਪਹਿਲਾਂ ਮੋਹਾਲੀ ਵਿਖੇ ਇੱਕ ਦਰਦਨਾਕ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਇੱਕ ਕਾਮਾ ਬਿਜਲੀ ਸਪਲਾਈ ਬੰਦ ਕਰਕੇ ਖੰਬੇ 'ਤੇ ਚੜ੍ਹ ਕੇ ਨੁਕਸ ਦੂਰ ਕਰ ਰਿਹਾ ਸੀ ਤਾਂ ਕਿਸੇ ਖਪਤਕਾਰ ਨੇ ਆਪਣੇ ਘਰ ਦੀ ਬਿਜਲੀ ਸਪਲਾਈ ਚਾਲੂ ਕਰਨ ਲਈ ਜਨਰੇਟਰ ਚਲਾ ਦਿੱਤਾ, ਤਾਂ ਬੈਕ ਫੀਡਿੰਗ ਆਉਣ ਕਾਰਨ ਸਪਲਾਈ ਲਾਈਨ ਵਿੱਚ ਪੂਰਾ ਕਰੰਟ ਆ ਗਿਆ ਅਤੇ ਖੰਭੇ 'ਤੇ ਕੰਮ ਕਰਨ ਵਾਲਾ ਵਰਕਰ ਕਰੰਟ ਲੱਗਣ ਕਾਰਨ ਖੰਭੇ 'ਤੇ ਹੀ ਲਟਕ ਕੇ ਮਰ ਗਿਆ। ਉਸ ਦੀ ਦੇਹ ਘੰਟਿਆਂਬੱਧੀ ਖੰਭੇ 'ਤੇ ਹੀ ਲਮਕਦੀ ਰਹੀ। ਅਜਿਹੇ ਘਾਤਕ ਹਾਦਸੇ ਬਿਜਲੀ ਕਾਮਿਆਂ ਲਈ ਆਮ ਗੱਲਾਂ ਹਨ। ਇਹ ਸੀ ਐੱਚ ਬੀ ਬਿਜਲੀ ਕਾਮੇ ਦਸ ਪੰਦਰਾਂ ਸਾਲਾਂ ਤੋਂ ਕਰੀਬ ਦਸ ਕੁ ਹਜ਼ਾਰ ਦੀ ਸੈਲਰੀ 'ਤੇ ਬਿਜਲੀ ਮਹਿਕਮੇ ਦਾ ਕੰਮ ਕਰ ਰਹੇ ਹਨ। ਲੰਮੇ ਸਮੇਂ ਤੋਂ ਕੰਮ ਕਰਦੇ ਹੋਏ ਇਹ ਕਾਮੇ ਆਪਣੇ ਕੰਮ ਵਿਚ ਪੂਰੇ ਪੁਖਤਾ ਹੋ ਗਏ ਹਨ। ਬਹੁਤ ਸਾਰੇ ਸ਼ਹਿਰਾਂ ਵਿਚ ਲੋਕਲ ਵੰਡ ਸਿਸਟਮ ਨੂੰ ਦਰੁਸਤ ਕਰਨ ਲਈ ਜੋ ਨਵੀਆਂ ਲਾਈਨਾਂ ਉਸਾਰੀਆਂ ਗਈਆਂ, ਉਹ ਇਹਨਾਂ ਨੇ ਬਹੁਤ ਥੋੜ੍ਹੇ ਸਮੇਂ ਵਿੱਚ ਬਹੁਤ ਹੀ ਕੁਸ਼ਲਤਾ ਨਾਲ ਉਸਾਰ ਦਿੱਤੀਆਂ ਅਤੇ ਖਪਤਕਾਰਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ, ਬਲਕਿ ਇਹਨਾਂ ਦਾ ਕੰਮ ਰੈਗੂਲਰ ਸਟਾਫ ਨਾਲੋਂ ਮਿਆਰੀ ਸਾਬਤ ਹੋਇਆ। ਇਹਨਾਂ ਦੀ ਮੰਗ ਹੈ ਕਿ ਇਹਨਾਂ ਨੂੰ ਮਹਿਕਮੇ ਵਿਚ ਰੈਗੂਲਰ ਕੀਤਾ ਜਾਵੇ। ਰੈਗੂਲਰ ਹੋਣ ਲਈ ਇਹਨਾਂ ਵਲੋਂ ਵੱਡੇ ਸੰਘਰਸ਼ ਕੀਤੇ ਗਏ ਹਨ, ਪਰ ਸਰਕਾਰ ਇਹਨਾਂ ਦੀ ਕੋਈ ਗੱਲ ਸੁਣਨ ਲਈ ਤਿਆਰ ਨਹੀਂ ਹੈ। ਸਰਕਾਰ ਅਤੇ ਪਾਵਰਕੌਮ ਦੀ ਮੈਨੇਜਮੈਂਟ ਦਾ ਤਰਕ ਹੈ ਕਿ

30-JULY-PAGE-5.qxd 7/29/2024 10:38 PM Page 1

ਪਾਵਰਕਾਮ ਮੈਨੇਜਮੈਂਟ ਦੀ ਮੰਗਾਂ ਪ੍ਰਤੀ ਟਾਲ-ਮਟੋਲ ਵਾਲੀ ਨੀਤੀ ਵਿਰੁੱਧ ਮੁਲਾਜ਼ਮਾਂ ਵੱਲੋਂ ਰੋਸ ਰੈਲੀ

ਕਰੰਟ ਲੱਗਣ ਨਾਲ ਮੌਤ ਦੇ ਮੂੰਹ ਜਾ ਰਹੇ ਬਿਜਲੀ ਮੁਲਾਜ਼ਮਾਂ ਨੂੰ ਸ਼ਹੀਦ ਦਾ ਦਰਜਾ ਦੇਣ ਦੀ ਮੰਗ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)

ਇੰਪਲਾਈਜ਼ ਜੁਆਇੰਟ ਫੋਰਮ ਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਸੱਦੇ 'ਤੇ ਥਰਮਲ ਲਹਿਰਾ ਦੀਆਂ ਮੁਲਾਜ਼ਮ ਜਥੇਬੰਦੀਆਂ ਇੰਪਲਾਈਜ਼ ਫੈਡਰੇਸ਼ਨ (ਚਾਹਲ) ਤੇ ਇੰਪਲਾਈਜ਼ ਯੂਨੀਅਨ ਨੇ ਸਾਂਝੇ ਤੌਰ 'ਤੇ ਥਰਮਲ ਗੇਟ 'ਤੇ ਰੋਸ ਰੈਲੀ ਕੀਤੀ। ਬੁਲਾਰਿਆਂ 'ਚੋਂ ਬਲਜੀਤ ਸਿੰਘ ਬਰਾੜ, ਰਜਿੰਦਰ ਸਿੰਘ ਨਿੰਮਾ, ਰਘਬੀਰ ਸਿੰਘ ਸੈਣੀ, ਕਰਨਦੀਪ ਸਿੰਘ, ਲਖਵੰਤ ਸਿੰਘ ਬਾਂਡੀ, ਬਲਵਿੰਦਰ ਸਿੰਘ ਤੇ ਕੇਸ਼ਵ ਅਧਿਕਾਰੀ ਨੇ ਸੰਬੋਧਨ ਦੌਰਾਨ ਪੰਜਾਬ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਤੋਂ ਕਰੰਟ ਲੱਗਣ ਨਾਲ ਮੌਤ ਦੇ ਮੂੰਹ ਵਿੱਚ ਜਾ ਰਹੇ ਬਿਜਲੀ ਕਰਮਚਾਰੀਆਂ ਨੂੰ ਸ਼ਹੀਦ ਦਾ ਦਰਜਾ ਦੇਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਬਿਜਲੀ ਨਿਗਮ ਵੱਲੋਂ ਮੁਲਾਜ਼ਮਾਂ ਜਥੇਬੰਦੀਆਂ ਨਾਲ ਕੀਤੀ ਬੀਤੀ 5 ਜੁਲਾਈ ਦੀ ਮੀਟਿੰਗ ਵਿੱਚ ਹੋਈਆਂ ਸਹਿਮਤੀਆਂ ਦੇ ਮਿੰਟਸ ਜਾਣ ਬੁੱਝ ਕੇ ਜਾਰੀ ਨਾ ਕਰਨਾ ਤੇ ਬਿਜਲੀ ਮੰਤਰੀ ਨਾਲ ਤੈਅ ਹੋਈ ਮੀਟਿੰਗ ਦੀ ਮਿਤੀ ਵਾਰ-ਵਾਰ ਅੱਗੇ ਪਾਏ ਜਾਣ ਤੋਂ ਜਾਪਦਾ ਹੈ ਕਿ ਮੈਨੇਜਮੈਂਟ ਤੇ ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਤੀ ਸੁਹਿਰਦ ਨਹੀਂ, ਜਦਕਿ ਬਿਜਲੀ ਮੁਲਾਜ਼ਮ ਘੱਟ ਸਟਾਫ ਹੋਣ ਦੇ ਬਾਵਜੂਦ ਦਿਨ-ਰਾਤ ਪਬਲਿਕ ਨੂੰ ਨਿਰਵਿਘਨ ਬਿਜਲੀ ਸਪਲਾਈ ਚਾਲੂ ਰੱਖਣ ਲਈ ਸਖਤ ਮਿਹਨਤ ਕਰ ਰਹੇ ਹਨ, ਪ੍ਰੰਤੂ ਸਰਕਾਰ ਕਰਮਚਾਰੀਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਆਗੂਆਂ ਨੇ ਕਿਹਾ ਕਿ 5 ਜੁਲਾਈ ਨੂੰ ਮੈਨੇਜਮੈਂਟ ਨਾਲ ਹੋਈਆਂ ਸਹਿਮਤੀਆਂ ਵਿੱਚ (ਆਰ. ਟੀ. ਐੱਮ., ਓ. ਸੀ., ਐੱਸ. ਐੱਸ.ਏ.) ਦੀਆਂ ਤਰੱਕੀਆਂ/ਓ. ਸੀ. ਕੈਟਾਗਰੀ ਨੂੰ ਪੇ-ਬੈਂਡ ਲਾਗੂ ਕਰਨ, ਸੀ. ਆਰ. ਏ. ਅਧੀਨ, 293, 294, 295, 296, /19 ਰਾਹੀਂ ਭਰਤੀ ਹੋਏ ਕਰਮਚਾਰੀਆਂ ਨੂੰ ਸੈਂਟਰ ਦੇ ਸੱਤਵੇਂ ਪੇ-ਸਕੇਲ ਦੀ ਥਾਂ ਬਿਜਲੀ ਨਿਗਮ ਦੇ ਸਕੇਲ ਲਾਗੂ ਕਰਨ, ਸੋਧੇ ਹੋਏ ਭੱਤਿਆਂ ਦਾ ਬਕਾਇਆ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨਾ, 2016 ਤੋਂ ਦੂਸਰੀ ਤਰੱਕੀ ਅਨੁਸਾਰ ਪੇ-ਸਕੇਲ ਲਾਗੂ ਕਰਨਾ, ਰਹਿੰਦੇ ਭੱਤਿਆਂ ਨੂੰ ਸੋਧ ਕੇ ਲਾਗੂ ਕਰਨ ਤੇ 9, 16,23 ਸਾਲਾਂ ਸਮਾਂਬੱਧ ਸਕੇਲ ਜਾਰੀ ਕਰਨ ਦੀ ਮੰਗ ਕੀਤੀ। ਪਾਵਰਕਾਮ ਮੈਨੇਜਮੈਂਟ ਤੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ 31 ਜੁਲਾਈ 2024 ਦੀ ਦਿੱਤੀ ਹੋਈ ਮੀਟਿੰਗ ਵੀ ਨਾ ਕੀਤੀ ਗਈ ਤਾਂ ਥਰਮਲ ਕਾਮੇ ਤੇ ਬਿਜਲੀ ਕਾਮੇ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੇ, ਜਿਸ ਦੀ ਸਾਰੀ ਜ਼ੁੰਮੇਵਾਰੀ ਪੰਜਾਬ ਸਰਕਾਰ ਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਦੀ ਹੋਵੇਗੀ। ਰੈਲੀ ਵਿੱਚ ਹੋਰਨਾਂ ਤੋਂ ਇਲਾਵਾ ਗੁਰਭੇਜ ਸਿੰਘ, ਅਮਰਜੀਤ ਸਿੰਘ ਮੰਗਲੀ, ਸੁਰਜੀਤ ਸਿੰਘ, ਅਜੈਬ ਸਿੰਘ, ਗੁਰਪ੍ਰੀਤ ਸਿੰਘ, ਗੁਰਲਾਲ ਸਿੰਘ ਗਿੱਲ, ਸਤਿੰਦਰ ਸਿੰਘ ਬਿੰਦੀ, ਜਸ਼ਨਦੀਪ ਸਿੰਘ, ਰਣਜੀਤ ਕੁਮਾਰ, ਘਨੱਈਆ ਲਾਲ, ਕਮਲੇਸ਼ ਕੁਮਾਰ, ਨਿਤੇਸ਼ ਕੁਮਾਰ, ਹਰੀਸ਼ ਕੁਮਾਰ, ਮਨਜੀਤ ਸਿੰਘ ਤੇ ਰਾਜ ਕੁਮਾਰ ਆਦਿ ਸ਼ਾਮਲ ਸਨ।

ਲਾਜਪਤ ਰਾਏ ਕਾਲਜ ਦੇ ਅਧਿਆਪਕਾਂ ਵੱਲੋਂ ਤਨਖਾਹ ਨਾ ਮਿਲਣ 'ਤੇ ਰੋਸ ਧਰਨਾ

ਜਗਰਾਓਂ (ਅਮਿਤ ਖੰਨਾ)-ਲਾਜਪਤ ਰਾਏ ਡੀਏਵੀ ਕਾਲਜ ਦੇ ਸੈਲਫ ਫਾਈਨੈਂਸ ਪੋਸਟਾਂ 'ਤੇ ਕੰਮ ਕਰ ਰਹੇ ਅਧਿਆਪਕਾਂ ਵੱਲੋਂ 14 ਮਹੀਨਿਆਂ ਤੋਂ ਤਨਖਾਹ ਨਾ ਮਿਲਣ ਦੇ ਰੋਸ ਵਿੱਚ ਕਾਲਜ ਪ੍ਰਬੰਧਕਾਂ ਦੇ ਖਿਲਾਫ ਧਰਨਾ ਲਗਾਇਆ ਗਿਆ।

ਕਾਲਜ ਦੇ ਸੀਨੀਅਰ ਟੀਚਰ ਪ੍ਰੋਫੈਸਰ ਵਿਕਾਸ ਮਹਿੰਦੀਰੱਤਾ ਵੱਲੋਂ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਗਈ ਕਿ ਹੁਣ ਪਾਣੀ ਸਿਰ ਉੱਤੋਂ ਲੰਘ ਚੁੱਕਾ ਹੈ, 14 ਮਹੀਨਿਆਂ ਤੋਂ ਤਨਖਾਹ ਨਾ ਮਿਲਣ ਕਰਕੇ ਘਰ ਦੇ ਗੁਜ਼ਾਰੇ ਚਲਾਉਣੇ ਵੀ ਔਖੇ ਹੋ ਗਏ ਹਨ।ਸਾਡੀ ਇੱਕ ਸਾਲ ਤੋਂ ਵੱਧ ਦੀ ਤਨਖਾਹ ਪੈਂਡਿੰਗ ਹੈ, ਕਾਲਜ ਪ੍ਰਬੰਧਕਾਂ ਨੂੰ ਤਨਖਾਹ ਜਾਰੀ ਕਰਨ ਲਈ ਕੋਈ ਉਸਾਰੂ ਹੱਲ ਨਹੀਂ ਕੀਤੇ ਜਾ ਰਹੇ।ਕਾਲਜ ਦੇ ਕਾਮਰਸ ਡਿਪਾਰਟਮੈਂਟ ਦੇ ਮੁਖੀ ਪ੍ਰੋਫੈਸਰ ਰੇਨੂ ਸਿੰਗਲਾ ਨੇ ਕਿਹਾ ਕਿ ਹੁਣ ਤਾਂ ਤਨਖਾਹ ਨਾ ਮਿਲਣ ਕਰਕੇ ਸਾਡੇ ਟੀਚਰ ਜ਼ਿੰਦਗੀ ਤੋਂ ਨਾ-ਉਮੀਦ ਹੋ ਚੁੱਕੇ ਹਨ।ਕੋਈ ਵੀ ਮੁਲਾਜ਼ਮ ਬਿਨਾਂ ਤਨਖਾਹ ਤੋਂ ਜੀਵਨ ਨਹੀਂ ਕੱਟ ਸਕਦਾ। ਪ੍ਰਬੰਧਕਾਂ ਦੇ ਠੰਢੇ ਰਵਈਏ ਕਰਕੇ ਅਸੀਂ ਧਰਨੇ ਦਾ ਰਾਹ ਚੁਣਿਆ ਹੈ।ਜਦੋਂ ਤੱਕ ਮੈਨੇਜਮੈਂਟ ਸਾਡੀਆਂ ਤਨਖਾਹਾਂ ਨੂੰ ਜਾਰੀ ਨਹੀਂ ਕਰਨਗੀਆਂ ਇਹ ਧਰਨਾ ਲਗਾਤਾਰ ਜਾਰੀ ਰਹੇਗਾ। ਇਸ ਧਰਨੇ ਵਿੱਚ ਪ੍ਰੋਫੈਸਰ ਰੋਹਿਤ ਵਰਮਾ, ਪ੍ਰੋਫੈਸਰ ਪ੍ਰਿਅੰਕਾ, ਡਾਕਟਰ ਪਰਵਿੰਦਰ ਬਾਜਵਾ, ਡਾਕਟਰ ਸ਼ੈਲਜਾ ਗੋਇਲ, ਡਾਕਟਰ ਮੀਨਾਕਸ਼ੀ ਮਿੱਤਲ ਤੇ ਪ੍ਰੋਫੈਸਰ ਪਲਵੀ ਨੇ ਸ਼ਿਰਕਤ ਕੀਤੀ।

ਦਿਹਾਤੀ ਮਜ਼ਦੂਰ ਸਭਾ ਲੱਖੇਵਾਲੀ ਵੱਲੋਂ ਏ ਡੀ ਸੀ ਦਾ ਘਿਰਾਓ

ਮੁਕਤਸਰ (ਸ਼ਮਿੰਦਰਪਾਲ, ਪੂਜਾ, ਚਾਵਲਾ, ਪਰਮਜੀਤ ਸਿੰਘ)-ਪਿੰਡ ਮੰਡੀ ਲੱਖੇਵਾਲੀ ਵਿੱਚ ਦਿਹਾਤੀ ਮਜ਼ਦੂਰ ਸਭਾ ਦੀ ਨਵੀਂ ਬਣਾਈ ਇਕਾਈ ਦੇ ਆਗੂਆਂ, ਰਜਨੀ ਬਾਲਾ, ਕਿਰਨਬਾਲਾ, ਨਿਰਮਾਤਾ ਰਾਣੀ ਤੇ ਚਰਨਜੀਤ ਕੌਰ ਦੀ ਅਗਵਾਈ ਹੇਠ ਸੈਂਕੜੇ ਮਜ਼ਦੂਰਾਂ ਨੇ ਲੰਮੇ ਸਮੇਂ ਤੋਂ ਨਰੇਗਾ ਦੇ ਬੰਦ ਕੀਤੇ ਕੰਮ ਨੂੰ ਚਾਲੂ ਕਰਾਉਣ ਤੇ ਦਿਹਾਤੀ ਮਜ਼ਦੂਰ ਸਭਾ ਦਾ ਵੱਖਰਾ ਮੇਟ ਲੜਕੀ ਨੂੰ ਨਿਯੁਕਤੀ ਲਈ ਰੋਹ ਭਰਪੂਰ ਪ੍ਰਦਰਸ਼ਨ ਕੀਤਾ ਤੇ ਏਡੀਸੀ ਵਿਕਾਸ ਨੂੰ ਪਿੰਡ ਦੀ ਨਰੇਗਾ ਮੰਗਾਂ ਦਾ ਮੰਗ ਪੱਤਰ ਦਿੱਤਾ ਗਿਆ।

ਧਰਨਾ ਪ੍ਰਦਰਸ਼ਨ ਨੂੰ ਸੰਬੋਧਨ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਮੀਤ ਪ੍ਰਧਾਨ ਹਰਜੀਤ ਸਿੰਘ ਮਦਰੱਸਾ ਜ਼ਿਲ੍ਹਾ ਆਗੂ ਲਖਵੀਰ ਸਿੰਘ ਤਖ਼ਤ ਮੁਲਾਣਾ, ਮੰਡੀ ਬਰੀਵਾਲਾ ਸਬ ਤਹਿਸੀਲ ਦੇ ਆਗੂ ਰੀਤ ਕੌਰ ਗਿੱਲ, ਗੁਰਮੀਤ ਸਿੰਘ ਤਖ਼ਤ ਮੁਲਾਣਾ ਨੇ ਪਿੰਡ ਲੱਖੇਵਾਲੀ ਵਿੱਚ ਆਮ ਆਦਮੀ ਪਾਰਟੀ ਵੱਲੋਂ ਨਰੇਗਾ ਕੰਮਾਂ ਵਿੱਚ ਢਾਹੇ ਜਾ ਰਹੇ ਕੋਝੇ ਹੱਥ ਕੰਡਿਆਂ ਦੀ ਜ਼ੋਰਦਾਰ ਨਿੰਦਾ ਕਰਦਿਆਂ ਕਿਹਾ ਗਿਆ ਕਿ ਆਮ ਆਦਮੀ ਪਾਰਟੀ ਵੀ ਦੂਜੀਆਂ ਸਰਮਾਏਦਾਰ ਪਾਰਟੀਆਂ ਵਾਂਗ ਹੀ ਨਰੇਗਾ ਦੇ ਕੰਮਾਂ ਵਿੱਚ ਬੇਲੋੜੇ ਅੜਿੱਕੇ ਡਾਹ ਰਹੀ ਹੈ ਤੇ ਸਿਆਸੀ ਦਖਲ ਅੰਦਾਜ਼ੀ ਕਰਦਿਆਂ ਨਰੇਗਾ ਦੇ ਕੰਮ ਰੋਕੀ ਬੈਠੀ ਹੋਈ ਹੈ।ਸਰਕਾਰ ਦੀ ਭਗਵੰਤ ਮਾਨ ਸਰਕਾਰ ਦਾ ਪਿੱਟ ਸਿਆਪਾ ਵੀ ਕੀਤਾ ਗਿਆ। ਇਸ ਸਮੇਂ ਮਜ਼ਦੂਰ ਆਗੂਆਂ ਨੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਇਹ ਵੀ ਕਿਹਾ ਕਿ ਇਹ ਮੌਜੂਦਾ ਮਾਨ ਸਰਕਾਰ ਦਾ ਮਜ਼ਦੂਰ ਵਿਰੋਧੀ ਚਿਹਰਾ ਮੋਹਰਾ ਪੂਰੀ ਤਰ੍ਹਾਂ ਨੰਗਾ ਹੋ ਚੁੱਕਾ ਹੈ ਅਤੇ ਇਹ ਸਰਕਾਰ ਮਜ਼ਦੂਰ ਮੰਗਾਂ ਦੀ ਕੋਈ ਸੁਣਵਾਈ ਨਹੀਂ ਕਰ ਰਹੀ ਤੇ ਸਰਕਾਰ 'ਤੇ ਤੰਜ ਕਸਦਿਆਂ ਕਿਹਾ ਕਿ ਮੋਦੀ ਸਰਕਾਰ ਤਾਂ ਨਰੇਗਾ ਨੂੰ ਪੂਰਾ ਖਤਮ ਕਰਨ ਦਾ ਮਨ ਬਣਾ ਚੁੱਕੀ ਅਤੇ ਨਰੇਗਾ ਬਜਟ ਹਰ ਸਾਲ ਘਟਾ ਰਹੀ ਅਤੇ ਨਰੇਗਾ ਮਜ਼ਦੂਰਾਂ ਦੀ ਦਿਹਾੜੀ ਵਿੱਚ ਵਾਧਾ ਨਹੀਂ ਕਰ ਰਹੀ, ਜਦੋਂ ਨਰੇਗਾ ਮਜ਼ਦੂਰਾਂ ਦੀ ਦਿਹਾੜੀ 700 ਰੁਪਏ ਹੋਣੀ ਚਾਹੀਦੀ ਹੈ ਅਤੇ ਸਾਰਾ ਕੰਮ ਦੇਣ ਦੀ ਬਜਾਏ ਕਾਨੂੰਨ ਮੁਤਾਬਕ ਸੌ ਦਿਨ ਕੰਮ ਦੇਣ ਤੋਂ ਭੱਜ ਰਹੀ ਹੈ ਅਤੇ ਕਾਨੂੰਨ ਮੁਤਾਬਕ ਕੰਮ ਨਹੀਂ ਤਾਂ ਬੇਰੁਜ਼ਗਾਰੀ ਭੱਤਾ ਦੇਣਾ ਤਹਿ ਹੈ, ਪਰ ਅੱਜ ਤੱਕ ਪੰਜਾਬ ਭਰ ਵਿੱਚ ਕਿਤੇ ਬੇਰੁਜ਼ਗਾਰੀ ਭੱਤਾ ਨਹੀਂ ਦਿੱਤਾ ਗਿਆ। ਉਨ੍ਹਾਂ ਅਖੀਰ ਵਿੱਚ ਕਿਹਾ ਕਿ ਪਿੰਡ ਲੱਖੇਵਾਲੀ ਵਿੱਚ ਮਜ਼ਦੂਰਾਂ ਨੂੰ ਜਾਗਰੂਕ ਕਰਕੇ ਪੂਰੀ ਤਰ੍ਹਾਂ ਸਬਕ ਸਿਖਾਇਆ ਜਾਵੇਗਾ ਅਤੇ ਨਰੇਗਾ ਦਾ ਪਿੰਡ ਵਿੱਚ ਕੰਮ ਵੀ ਚਲਵਾਇਆ ਜਾਵੇਗਾ ਅਤੇ ਨਵੀਂ ਲੜਕੀ ਮੇਟ ਵੀ ਬਣਾ ਕੇ ਹੀ ਦਮ ਲਵਾਂਗੇ। ਅੰਤ ਏਡੀਸੀ ਵਿਕਾਸ ਮੁਕਤਸਰ ਨੇ ਨਰੇਗਾ ਦੇ ਸਾਰੇ ਮਾਮਲੇ ਹੱਲ ਕਰਾਉਣ ਦਾ ਯਕੀਨ ਦਿਵਾਇਆ।

ਕਾਤਰਾਂ

ਨਸ਼ੀਲੇ ਕੈਪਸੂਲ ਸਮੇਤ ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਵੈਰੋਕੇ ਦੀ ਪੁਲਸ ਵੱਲੋਂ 21 ਹਜ਼ਾਰ ਨਸ਼ੀਲੇ ਕੈਪਸੂਲ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸੁਖਪਾਲ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਸਬੰਧੀ ਥਾਣਾ ਵੈਰੋਕੇ ਇਲਾਕੇ ਵਿੱਚ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਪੁਲਸ ਪਾਰਟੀ ਨੂੰ ਇਤਲਾਹ ਦਿੱਤੀ ਕਿ ਰਮਨਦੀਪ ਸਿੰਘ ਪੁੱਤਰ ਸੁਰਜੀਤ ਸਿੰਘ ਉਰਫ ਕੁੱਕੀ ਵਾਸੀ ਅਰਨੀਵਾਲਾ ਸ਼ੇਖ ਸੁਭਾਨ, ਜੋਕਿ ਪੰਜਾਬ ਸਰਕਾਰ ਵੱਲੋਂ ਬੈਨ ਕੀਤੀਆਂ ਗੋਲੀਆਂ ਤੇ ਕੈਪਸੂਲ ਵੇਚਣ ਦਾ ਆਦੀ ਹੈ ਅਤੇ ਜੇਕਰ ਹੁਣੇ ਹੀ ਪੁਲਸ ਸਮਨਾਲਾ ਬਾਹਮਣੀਵਾਲਾ ਕੋਲ ਨਾਕਾਬੰਦੀ ਕੀਤੀ ਜਾਵੇ ਤਾਂ ਰੰਗੇ ਹੱਥੀਂ ਕਾਬੂ ਆ ਸਕਦਾ ਹੈ, ਜਿਸ 'ਤੇ ਪੁਲਸ ਪਾਰਟੀ ਨੇ ਨਾਕਾਬੰਦੀ ਕਰਕੇ ਰਮਨਦੀਪ ਸਿੰਘ ਨੂੰ 2100 ਪੱਤੇ ਕੈਪਸੂਲ ਬਰਾਮਦ ਕੀਤੇ ਗਏ ਹਨ। ਪੁਲਸ ਨੇ ਕੈਪਸੂਲ ਸਮੇਤ ਰਮਨਦੀਪ ਸਿੰਘ ਨੂੰ ਕਾਬੂ ਕਰਕੇ ਥਾਣਾ ਵੈਰੋਕੇ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

ਰਣਜੀਤਗੜ੍ਹ 'ਚ ਨੌਜਵਾਨ ਦਾ ਕਤਲ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਬੀਤੀ ਰਾਤ ਪਿੰਡ ਰਣਜੀਤਗੜ੍ਹ ਵਿਖੇ ਦੀਪਕ ਕੁਮਾਰ ਪੁੱਤਰ ਦੇਸ ਰਾਜ (30 ਸਾਲ) ਦਾ ਕਤਲ ਕਰ ਦਿੱਤਾ ਗਿਆ।ਥਾਣਾ ਸਦਰ ਦੇ ਪੁਲਸ ਇੰਸਪੈਕਟਰ ਜਸਕਰਨ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਪਿੰਡ ਰਣਜੀਤਗੜ੍ਹ ਦੇ ਕਰਨਵੀਰ ਸਿੰਘ ਪੁੱਤਰ ਮੰਗਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਉਧਰ ਮ੍ਰਿਤਕ ਨੌਜਵਾਨ ਦੀ ਮਾਤਾ ਛਿੰਦਰ ਕੌਰ ਦਾ ਕਹਿਣਾ ਸੀ ਕਿ ਉਨ੍ਹਾਂ ਦਾ ਬੇਟਾ ਰਾਤ ਨੂੰ 8 ਕੁ ਵਜੇ ਘਰੋਂ ਬਾਹਰ ਗਿਆ ਸੀ ਤੇ ਵਾਪਸ ਘਰ ਨਹੀਂ ਆਇਆ।ਅਸੀਂ ਉਸ ਦੀ ਭਾਲ ਕਰਦੇ ਰਹੇ।ਫੇਰ ਉਸ ਦੀ ਲਾਸ਼ ਪਿੰਡ ਦੇ ਛੱਪੜ ਕੋਲੋਂ ਮਿਲੀ ਤੇ ਉਹ ਖੂਨ ਨਾਲ ਲੱਥਪੱਥ ਸੀ।ਦੀਪਕ ਦੇ ਸਿਰ 'ਤੇ ਇੱਟਾਂ ਤੇ ਕੱਚ ਦੀਆਂ ਬੋਤਲਾਂ ਨਾਲ ਵਾਰ ਕੀਤੇ ਗਏ ਹਨ।ਉਕਤ ਨੌਜਵਾਨ ਵਿਆਹਿਆ ਹੋਇਆ ਹੈ ਤੇ ਚਾਰ ਸਾਲ ਦੀ ਬੱਚੀ ਹੈ।ਪੁਲਸ ਮਾਮਲੇ ਦੀ ਪੂਰੀ ਪੜਤਾਲ ਕਰ ਰਹੀ ਹੈ।

ਖਿਆਲੀ 'ਚ ਅੱਖਾਂ ਦਾ ਮੁਫ਼ਤ ਜਾਂਚ ਕੈਂਪ 3 ਨੂੰ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਡੇਰਾ ਬਾਬਾ ਰਾਮ ਜੋਗੀ ਪੀਰ ਖਿਆਲੀ (ਬਰਨਾਲਾ) ਵਿਖੇ ਅੱਖਾਂ ਦਾ ਮੁਫ਼ਤ ਜਾਂਚ ਕੈਂਪ 3 ਅਗਸਤ ਨੂੰ ਸਵੇਰੇ 9 ਤੋਂ 2 ਵਜੇ ਤੱਕ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਸਮਾਜ ਸੇਵੀ ਲੱਖਾ ਖਿਆਲੀ, ਸਮੂਹ ਪ੍ਰਬੰਧਕਾਂ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਇਸ ਮੌਕੇ ਮਰੀਜ਼ਾਂ ਨੂੰ ਦਵਾਈਆਂ ਮੁਫਤ ਦਿੱਤੀਆਂ ਜਾਣਗੀਆਂ।ਲੋੜਵੰਦਾਂ ਨੂੰ ਲੈਂਜ ਅੱਧੀ ਲਾਗਤ 'ਚ ਪਾਏ ਜਾਣਗੇ।

ਰੰਜਿਸ਼ ਦੇ ਚੱਲਦਿਆਂ ਚਾਚੇ ਭਤੀਜੇ ਦੀ ਕੁੱਟਮਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਥਾਣਾ ਸਦਰ ਫਿਰੋਜ਼ਪੁਰ ਦੇ ਅਧੀਨ ਆਉਂਦੇ ਪਿੰਡ ਲੂੰਬੜੀ ਵਾਲਾ ਮਰਲੇ ਵਿਖੇ ਰੰਜਿਸ਼ ਦੇ ਚੱਲਦਿਆਂ ਚਾਚੇ ਭਤੀਜੇ ਦੀ ਕੁੱਟਮਾਰ ਕਰਕੇ ਸੱਟਾਂ ਮਾਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਪੁਲਸ ਨੇ 12 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰਾਜੂ ਪੁੱਤਰ ਸੋਹਨ ਵਾਸੀ ਪਿੰਡ ਲੂੰਬੜੀਵਾਲਾ ਮਰਲੇ ਨੇ ਦੱਸਿਆ ਕਿ ਦੋਸ਼ੀਆਨ ਜੀਤਾ ਪੁੱਤਰ ਹਾਕਮ, ਰੰਗਾ ਪੁੱਤਰ ਜੀਤਾ, ਵੰਸ਼ ਪੁੱਤਰ ਮਲਕੀਤ, ਅਰਜਨ ਪੁੱਤਰ ਇੰਦਰ, ਗੋਪਾਲ ਪੁੱਤਰ ਮੰਗੂ, ਰਾਕੇਸ਼ ਪੁੱਤਰ ਮੰਗਲ ਵਾਸੀਅਨ ਲੂੰਬੜੀ ਵਾਲਾ ਤੇ 6 ਆਦਮੀਆਂ, ਔਰਤਾਂ ਨੇ ਹਮਮਸ਼ਵਰਾ ਹੋ ਕੇ ਉਸ ਦੇ ਘਰ ਦਾਖਲ ਹੋ ਕੇ ਉਸ ਦੀ ਤੇ ਉਸ ਦੇ ਭਤੀਜੇ ਦੀ ਕੁੱਟਮਾਰ ਕੀਤੀ ਸੱਟਾਂ ਮਾਰੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਰਜਵੰਤ ਕੌਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਨਰੇਗਾ ਰੋਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਵੱਲੋਂ ਡੀ ਸੀ ਨੂੰ ਮੰਗ ਪੱਤਰ

ਸੰਗਰੂਰ (ਪ੍ਰਵੀਨ ਸਿੰਘ)

ਜ਼ਿਲਾ ਕੁਆਰਡੀਨੇਟਰ ਨਰੇਗਾ-ਕਮ-ਡਿਪਟੀ ਕਮਿਸ਼ਨਰ ਸੰਗਰੂਰ ਦੇ ਦਫਤਰ ਨਰੇਗਾ ਰੋਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਪੰਜਾਬ ਜ਼ਿਲ੍ਹਾ ਸੰਗਰੂਰ ਵੱਲੋਂ ਮੰਗ ਪੱਤਰ ਦਿੱਤਾ ਗਿਆ, ਜਿਸ ਵਿੱਚ ਨਰੇਗਾ ਵਰਕਰਾਂ ਅੰਦਰ ਹੁੰਦੀ ਅਣਫੇਅਰ ਲੇਬਰ ਪ੍ਰੈਕਟਿਸ 'ਤੇ ਰੋਸ ਪ੍ਰਗਟ ਕੀਤਾ ਗਿਆ। ਮੰਗ ਕੀਤੀ ਗਈ ਕਾਨੂੰਨ ਮੁਤਾਬਕ ਕੰਮ ਮੰਗਣ ਵਾਲੇ ਕਿਰਤੀ ਦੀ ਅਰਜ਼ੀ ਅਥਾਰਟੀ ਪ੍ਰਵਾਨ ਕਰੇ

30 July - Page - 6.qxd 7/29/2024 10:57 PM Page 1

ਸ਼ਹੀਦ ਬਾਬਾ ਜੀਵਨ ਸਿੰਘ ਵਿੱਦਿਅਕ ਤੇ ਭਲਾਈ ਟਰੱਸਟ ਦੀ ਮੀਟਿੰਗ

ਬਾਬਾ ਬਕਾਲਾ ਸਾਹਿਬ, (ਜਸਪਾਲ ਸਿੰਘ)-ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ 363ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ 25ਵੇਂ ਸਿਲਵਰ ਜੂਬਲੀ ਚੇਤਨਾ ਮਾਰਚ ਅਤੇ ਤਖਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਸਾਹਿਬ ਵਿਖੇ ਮਨਾਏ ਜਾ ਰਹੇ ਪ੍ਰਕਾਸ਼ ਦਿਹਾੜੇ ਸਬੰਧੀ ਸ਼ਹੀਦ ਬਾਬਾ ਜੀਵਨ ਸਿੰਘ ਵਿਦਿਅਕ ਤੇ ਭਲਾਈ ਟਰੱਸਟ ਯੂਨਿਟ ਹਲਕਾ ਬਾਬਾ ਬਕਾਲਾ ਸਾਹਿਬ ਦੀ ਮੀਟਿੰਗ ਹੋਈ, ਜਿਸ ਵਿੱਚ ਹਲਕਾ ਪ੍ਰਧਾਨ ਤਰਸੇਮ ਸਿੰਘ ਮੱਟੂ ਨੇ ਦੱਸਿਆ ਕਿ ਹੁਣ ਤੱਕ 107 ਸ਼ਰਧਾਲੂ ਜਾਣ ਲਈ ਤਿਆਰ ਹੋਏ ਹਨ ਅਤੇ ਹੋਰ ਵੀ ਵਧਣ ਦੀ ਸੰਭਾਵਨਾ ਹੈ। ਸੰਗਤਾਂ ਵਿੱਚ ਇਸ ਸਬੰਧੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।ਉਨ੍ਹਾਂ ਸੰਗਤਾਂ ਨੂੰ ਵਧ-ਚੜ੍ਹ ਕੇ ਜਾਣ ਦੀ ਅਪੀਲ ਵੀ ਕੀਤੀ ।ਇਸ ਮੌਕੇ ਸੈਂਟਰਲ ਕਮੇਟੀ ਦੇ ਪ੍ਰਚਾਰ ਸਕੱਤਰ ਸਾਬਕਾ ਤਹਿਸੀਲਦਾਰ ਜਸਵੰਤ ਸਿੰਘ, ਮੁੱਖ ਸਲਾਹਕਾਰ ਅਤੇ ਸਮਾਜ ਸੇਵਕ ਸਭਾ ਰਈਆ ਦੇ ਪ੍ਰਧਾਨ ਸੁਖਵਿੰਦਰ ਸਿੰਘ ਮੱਤੇਵਾਲ, ਕੈਸ਼ੀਅਰ ਮਾ: ਬਲਦੇਵ ਸਿੰਘ ਬਾਬਾ ਸਾਵਣ ਸਿੰਘ ਨਗਰ, ਪ੍ਰਚਾਰ ਸਕੱਤਰ ਬਾਬਾ ਜੋਗਾ ਸਿੰਘ, ਸਹਾਇਕ ਪ੍ਰਚਾਰ ਸਕੱਤਰ ਜਗਤਾਰ ਸਿੰਘ ਲੋਹਗੜ੍ਹ, ਮੀਤ ਪ੍ਰਧਾਨ ਸੁਰਜੀਤ ਸਿੰਘ ਅਜੀਤ ਨਗਰ ਬਿਆਸ, ਮੀਤ ਪ੍ਰਧਾਨ ਨੰਬਰਦਾਰ ਗੁਰਦਿਆਲ ਸਿੰਘ ਲੋਹਗੜ੍ਹ, ਸੀਨੀ: ਮੀਤ ਪ੍ਰਧਾਨ ਸੂਬੇ: ਤਰਸੇਮ ਸਿੰਘ ਵਜ਼ੀਰ ਭੁੱਲਰ, ਗੁ: ਗੁਰੂ ਨਾਨਕ ਦਰਬਾਰ ਰਈਆ ਸਾਬਕਾ ਪ੍ਰਧਾਨ ਜੱਸਾ ਸਿੰਘ, ਸਾਬਕਾ ਮੀਤ ਪ੍ਰਧਾਨ ਸਲਵਿੰਦਰ ਸਿੰਘ ਗਿੱਲ, ਯੂਨਿਟ ਰਈਆ ਸਿਟੀ ਪ੍ਰਧਾਨ ਮੇਵਾ ਸਿੰਘ, ਪ੍ਰਧਾਨ ਪਿੰਡ ਨਰਿੰਜਨਪੁਰ ਗਿਆਨ ਸਿੰਘ, ਹੀਰਾ ਸਿੰਘ ਮੀਤ ਪ੍ਰਧਾਨ ਲੋਹਗੜ੍ਹ, ਸੇਵਾਦਾਰ ਅਜੈ ਸਿੰਘ ਤੋਂ ਇਲਾਵਾ ਹੋਰ ਵੀ ਵਰਕਰਾਂ ਨੇ ਹਾਜਰੀ ਭਰੀ ।

ਹੋਟਲ ਸ਼ੇਰਵਾਨੀ ਪੈਬਲਜ਼ ਐਂਡ ਪਾਈਨਜ਼ ਕਾਰਬੇਟ ਲਾਂਚ

ਲੁਧਿਆਣਾ : ਹੋਸਪਿਟੈਲਿਟੀ ਉਦਯੋਗ ਦੇ ਮਸ਼ਹੂਰ ਨਾਵਾਂ ਵਿੱਚੋਂ ਇੱਕ ਸ਼ੇਰਵਾਨੀ ਹੋਟਲਜ਼ ਨੇ 48 ਕਮਰਿਆਂ ਵਾਲਾ ਬੁਟੀਕ ਹੋਟਲ ਸ਼ੇਰਵਾਨੀ ਪੈਬਲਜ਼ ਐਂਡ ਪਾਈਨਜ਼ ਕਾਰਬੇਟ ਕੀਤਾ ਹੈ, ਜੋ ਕਿ ਆਰਾਮ ਅਤੇ ਸਾਹਸ ਦਾ ਅਨੋਖਾ ਸੁਮੇਲ ਹੋਵੇਗਾ। ਜਿਮ ਕਾਰਬੇਟ ਨੈਸ਼ਨਲ ਪਾਰਕ ਵਿੱਚ ਸਥਿਤ ਇਹ ਹੋਟਲ ਕੁਦਰਤ ਅਤੇ ਸਾਹਸ ਪ੍ਰੇਮੀਆਂ ਨੂੰ ਆਕਰਸ਼ਿਤ ਕਰੇਗਾ, ਜਿੱਥੇ ਮਹਿਮਾਨ ਸ਼ਾਨਦਾਰ ਜੰਗਲ (ਗਰੀਨਰੀ' ਦਾ ਯਾਦਗਾਰੀ ਅਨੁਭਵ ਲੈ ਸਕਣਗੇ। ਹੋਟਲ ਦਾ ਸਫਾਰੀ ਡੈਸਕ ਜੰਗਲ ਸਫਾਰੀ ਦੀ ਪੇਸ਼ਕਸ਼ ਕਰਦਾ ਹੈ।ਤਜਰਬੇਕਾਰ ਮਾਹਿਰਾਂ ਦੀ ਅਗਵਾਈ ਹੇਠ ਤੁਹਾਨੂੰ ਜੰਗਲ ਦੇ ਦ੍ਰਿਸ਼ਾਂ ਨੂੰ ਦੇਖਣ ਦਾ ਮੌਕਾ ਮਿਲੇਗਾ ਜਿੱਥੇ ਇਹ ਬਾਘ ਖੁੱਲ੍ਹ ਕੇ ਘੁੰਮਦੇ ਦਿਖਾਈ ਦਿੰਦੇ ਹਨ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀਮਤੀ ਅਕਵਿੰਦਰ ਕੌਰ ਨਾਇਬ ਤਹਿਸੀਲਦਾਰ (ਸਰਕਲ ਮਾਲ ਅਧਿਕਾਰੀ) ਤਰਸਿੱਕਾ, ਤਹਿਸੀਲ ਬਾਬਾ ਬਕਾਲਾ ਸਾਹਿਬ ਅਤੇ ਜ਼ਿਲ੍ਹਾ ਅੰਮ੍ਰਿਤਸਰ

ਇਸ ਅਖਬਾਰੀ ਇਸ਼ਤਿਹਾਰ ਰਾਹੀਂ ਪ੍ਰਭਾਵਿਤਕ ਵਿਅਕਤੀਆਂ, ਪਿੰਡ ਦੇ ਆਮ/ਖਾਸ ਵਿਅਕਤੀ/ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਹਰਪਾਲ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਬਿੰਜਰਵਾਲ, ਤਹਿਸੀਲ ਬਾਬਾ ਬਕਾਲਾ ਅਤੇ ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਦਰਖਾਸਤ ਪੇਸ਼ ਕੀਤੀ ਗਈ ਕਿ ਉਸ ਦਾ ਗਲਤ ਨਾਂਅ ਮਾਲ ਰਿਕਾਰਡ 2020-2021 ਵਿਚ ਹਰਭਾਲ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਮੁਨਸ਼ਾ ਸਿੰਘ ਦਰਜ ਹੈ, ਜਦ ਕਿ ਉਸ ਦਾ ਦਸਤਾਵੇਜ਼ੀ ਸਬੂਤਾਂ ਅਨੁਸਾਰ ਠੀਕ ਨਾਂਅ ਹਰਪਾਲ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਮੁਨਸ਼ਾ ਸਿੰਘ ਹੈ। ਉਸ ਦਾ ਨਾਂਅ ਮਾਲ ਰਿਕਾਰਡ ਵਿਚ ਹਰਭਾਲ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਮੁਨਸ਼ਾ ਸਿੰਘ ਤੋਂ ਹਰਪਾਲ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਮੁਨਸ਼ਾ ਸਿੰਘ ਦਰੁਸਤ ਕੀਤਾ ਜਾਵੇ। ਮਾਲ ਰਿਕਾਰਡ ਵਿਚ ਹਰਭਾਲ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਮੁਨਸ਼ਾ ਸਿੰਘ ਤੋਂ ਹਰਪਾਲ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਮੁਨਸ਼ਾ ਸਿੰਘ ਦਰੁਸਤ ਕਰਨ ਸਬੰਧੀ ਕਿਸੇ ਪ੍ਰਭਾਵਿਤ ਵਿਅਕਤੀਆਂ, ਪਿੰਡ ਦੇ ਆਮ/ਖਾਸ ਵਿਅਕਤੀ/ਵਿਅਕਤੀਆਂ ਨੂੰ ਇਤਰਾਜ਼ ਹੋਵੇ ਤਾਂ ਉਹ ਅਖਬਾਰ ਵਿਚ ਨੋਟਿਸ ਛਪਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਇਤਰਾਜ਼ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਪੇਸ਼ ਕੀਤੇ ਇਤਰਾਜ਼/ਇਤਰਾਜ਼ਾਂ ਉੱਤੇ ਗੌਰ ਨਹੀਂ ਕੀਤਾ ਜਾਵੇਗਾ ਅਤੇ ਉਕਤ ਦਰਸਾਏ ਨਾਂਅ ਦੀ ਮਾਲ ਰਿਕਾਰਡ ਵਿਚ ਸੋਧ ਕਰ ਦਿੱਤੀ ਜਾਵੇਗੀ।

ਸਹੀ/-ਨਾਇਬ ਤਹਿਸੀਲਦਾਰ, ਤਰਸਿੱਕਾ
ਨੰ : 1622/ਆਰ ਸੀ. ਮਿਤੀ : 29.07.2024

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਗੁਰਦੀਪ ਸਿੰਘ ਸੰਧੂ, ਸਹਾਇਕ ਕੁਲੈਕਟਰ ਦਰਜਾ ਅੱਵਲ-ਕਮ-ਨਾਇਬ ਤਹਿਸੀਲਦਾਰ ਨਕੋਦਰ

ਮਿਸਲ ਨੰ: 28/ਐੱਨ. ਟੀ./2023 ਪਿੰਡ : ਆਲੇਵਾਲੀ

1. ਗੁਰਬਚਨ ਸਿੰਘ ਉਰਫ ਗੁਰਚਰਨ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਨਰੰਜਣ ਸਿੰਘ, 2. ਦਿਲਬਾਗ ਸਿੰਘ ਉਰਫ ਮੰਗਲ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਨਰੰਜਣ ਸਿੰਘ ਵਾਸੀਆਨ ਪਿੰਡ ਭੁੱਲਰ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ। (ਫਰੀਕ ਅੱਵਲ)

ਬਨਾਮ

1. ਰਣਜੀਤ ਸਿੰਘ ਟ੍ਰਕਨਾ ਪਤਨੀ ਪਲਵਿੰਦਰ ਸਿੰਘ ਟ੍ਰਕਨਾ ਪੁੱਤਰ ਊਧਮ ਸਿੰਘ ਟ੍ਰਕਨਾ ਵਾਸੀ ਆਲੇਵਾਲੀ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ 2, ਗੁਰਦੇਵ ਕੌਰ ਪੁੱਤਰੀ ਪਾਖਰ ਸਿੰਘ ਪੁੱਤਰ ਜਗਤ ਸਿੰਘ, 3. ਬਲਵੀਰ ਕੌਰ ਪੁੱਤਰੀ ਪਾਖਰ ਸਿੰਘ ਪੁੱਤਰ ਜਗਤ ਸਿੰਘ, 4. ਪ੍ਰੀਤਮ ਸਿੰਘ ਪੁੱਤਰ ਜਗਤ ਸਿੰਘ ਪੁੱਤਰ ਸ਼ੇਰ ਸਿੰਘ, 5. ਈਸ਼ਰ ਸਿੰਘ ਪੁੱਤਰ ਸ਼ੇਰ ਸਿੰਘ ਪੁੱਤਰ ਸੰਤਾ ਸਿੰਘ, 6. ਸਾਧੂ ਸਿੰਘ ਪੁੱਤਰ ਪੂਰਨ ਸਿੰਘ ਪੁੱਤਰ ਸ਼ੇਰ ਸਿੰਘ, 7. ਅਜੈਬ ਸਿੰਘ ਪੁੱਤਰ ਜਗੀਰ ਸਿੰਘ ਪੁੱਤਰ ਪ੍ਰਤਾਪ ਸਿੰਘ, 8. ਜਗੀਰ ਸਿੰਘ ਪੁੱਤਰ ਊਧਮ ਸਿੰਘ ਪੁੱਤਰ ਸਰੇਣ ਸਿੰਘ, 9. ਬਲਵਿੰਦਰ ਸਿੰਘ ਪੁੱਤਰ ਊਧਮ ਸਿੰਘ ਪੁੱਤਰ ਸਰੇਣ ਸਿੰਘ, 10. ਗਿਆਨ ਕੌਰ ਪਤਨੀ ਸੁਖਦੇਵ ਸਿੰਘ ਪੁੱਤਰ ਟਹਿਲ ਸਿੰਘ, 11. ਜਸਵੀਰ ਕੌਰ ਪਤਨੀ ਬਲਵਿੰਦਰ ਸਿੰਘ ਪੁੱਤਰ ਊਧਮ ਸਿੰਘ, 12. ਗੁਰਮੀਤੋ ਪੁੱਤਰੀ ਕਰਤਾਰ ਸਿੰਘ ਪੁੱਤਰ ਸੰਤਾ ਸਿੰਘ ਵਾਸੀਆਨ ਪਿੰਡ ਭੁੱਲਰ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ, 13. ਐੱਚ. ਡੀ. ਐੱਫ. ਸੀ. ਬੈਂਕ ਬਰਾਂਚ ਨਕੋਦਰ, 14. ਪੰਜਾਬ ਨੈਸ਼ਨਲ ਬੈਂਕ ਨਕੋਦਰ, 15. ਇਲਾਹਾਬਾਦ ਬੈਂਕ ਬਰਾਂਚ ਨਕੋਦਰ, 16. ਪੰਜਾਬ ਨੈਸ਼ਨਲ ਬੈਂਕ ਬਰਾਂਚ ਸ਼ਾਹਕੋਟ। (ਫਰੀਕੈਨ ਦੋਮ)

ਦਰਖਾਸਤ ਤਕਸੀਮ ਅਰਾਜ਼ੀ ਖੇਵਟ/ਖਤੌਨੀ ਨੰਬਰ 54/59, 69/79, 67/76, 77, 66/73, 74, 75, 70/80, 68/78 ਹਦਬਸਤ ਨੰਬਰ 74 ਵਾਕਿਆ ਰਕਬਾ ਪਿੰਡ ਆਲੇਵਾਲੀ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਜਮਾਂਬੰਦੀ ਸਾਲ 2021-2022

ਉਕਤ ਅਨੁਮਾਨ ਤਕਸੀਮ ਕੇਸ ਨਿਮਨ ਹਸਤਾਖਰ ਦੀ ਅਦਾਲਤ ਵਿਚ ਚੱਲ ਰਿਹਾ ਹੈ। ਇਸ ਅਖਬਾਰ ਰਾਹੀਂ ਫਰੀਕੈਨ ਦੋਮ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਕੇਸ ਵਿਚ ਨਿਸ਼ਚਿਤ ਮਿਤੀ 08.08.2024 ਨੂੰ ਸਮਾਂ 2 ਵਜੇ ਦੁਪਹਿਰ ਨਿਮਨ ਹਸਤਾਖਰ ਦੀ ਅਦਾਲਤ ਵਿਚ ਅਸਾਲਤਨ/ ਵਕਾਲਤਨ ਜਾਂ ਕਿਸੇ ਮੁਖਤਾਰ ਰਾਹੀਂ ਹਾਜ਼ਰ ਹੋ ਕੇ ਆਪਣੇ ਕੇਸ ਦੀ ਪੈਰਵਾਈ ਕਰ ਸਕਦੇ ਹਨ। ਨਿਸ਼ਚਿਤ ਮਿਤੀ ਨੂੰ ਹਾਜ਼ਰ ਅਸਾਲਤ ਨਾ ਆਉਣ ਦੀ ਸੂਰਤ ਵਿਚ ਫਰੀਕੈਨ ਦੋਮ ਦੇ ਖਿਲਾਫ ਕਾਰਵਾਈ ਇਕਤਰਫਾ ਅਮਲ ਵਿਚ ਲਿਆਂਦੀ ਜਾਵੇਗੀ।

ਨੋਟਿਸ ਅੱਜ ਮਿਤੀ 22.07.2024 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਜਾਰੀ ਹੋਇਆ।
ਨੰ: 557/ਰੀਡਰ-2 ਮਿਤੀ : 23.07.24

ਸਹੀ/- ਸਹਾਇਕ ਕੁਲੈਕਟਰ ਦਰਜਾ ਅੱਵਲ-ਕਮ-ਨਾਇਬ ਤਹਿਸੀਲਦਾਰ, ਨਕੋਦਰ

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਬਲਬੀਰ ਰਾਜ ਸਿੰਘ, ਪੀ. ਸੀ. ਐੱਸ. ਉਪ ਮੰਡਲ ਮੈਜਿਸਟਰੇਟ-ਕਮ-ਕੁਲੈਕਟਰ ਆਦਮਪੁਰ

ਕੇਸ ਨੰ: 27/ਅਪੀਲਜ਼/2023
ਸੀਨੀਅਰ ਸਿਟੀਜ਼ਨ ਕੇਸ

ਕੇਸ ਅਨੁਵਾਨ

ਸੋਹਣ ਸਿੰਘ ਬਨਾਮ ਸੁਰਜੀਤ ਸਿੰਘ ਆਦਿ

1. ਸੁਰਜੀਤ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਪਿੰਡ ਜੰਡੀਰ , ਡਾਕ. ਬਹਿਰਾਮ ਸਰਿਸ਼ਤਾ, ਤਹਿਸੀਲ ਆਦਮਪੁਰ, ਜਲੰਧਰ, 2 ਜਸਵਿੰਦਰ ਪੁੱਤਰ ਸੋਹਣ ਸਿੰਘ ਵਾਸੀ ਪਿੰਡ ਜੰਡੀਰ, ਡਾਕ. ਬਹਿਰਾਮ ਸਰਿਸ਼ਤਾ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ। ਰਿਸਪੋਡੈਂਟ

ਉਕਤ ਮੁਕੱਦਮੇ ਵਿਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਰਿਸਪੋਡੈਂਟ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ, ਇਸ ਲਈ ਮਿਤੀ 08.08.2024 ਦੀ ਤਰੀਖ ਪੇਸ਼ੀ ਨਿਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਰਿਸਪੋਡੈਂਟ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਖ ਪੇਸ਼ੀ 'ਤੇ ਆਪ ਜਾਂ ਵਕੀਲ ਰਾਹੀਂ ਅਦਾਲਤ ਵਿਚ ਪੇਸ਼ ਹੋਣ, ਨਹੀਂ ਤਾਂ ਕਾਰਵਾਈ ਇਕਤਰਫਾ ਅਮਲ ਵਿਚ ਲਿਆਂਦੀ ਜਾਵੇਗੀ।
ਅੱਜ ਮਿਤੀ 25.07.2024 ਨੂੰ ਮੇਰੇ ਦਸਤਖਤਾਂ ਅਤੇ ਅਦਾਲਤੀ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/- ਉਪ ਮੰਡਲ ਮੈਜਿਸਟਰੇਟ-ਕਮ-ਕੁਲੈਕਟਰ ਆਦਮਪੁਰ

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਵਿਜੈ ਕੁਮਾਰ ਅਹੀਰ, ਨਾਇਬ ਤਹਿਸੀਲਦਾਰ ਕਰਤਾਰਪੁਰ, ਪੰਜਾਬ

ਵੱਲ

ਸ੍ਰੀ : Gurpreet Singh S/o Balram Singh - Address Ispur, PO. Nussi Kartarpur, District Jalandhar, 2. Harpreet Singh S/o Balram Singh - Address Ispur, PO. Nussi Kartarpur, District Jalandhar, 3. Balwinder Singh S/o Satnam Singh - Address Ispur, PO. Nussi Kartarpur, District Jalandhar, 4. Gurmukh Singh S/o Gurnam Singh Address -Village Ispur, PO. Nussi,Tehsil and District Jalandhar, 5. Harnek Singh S/o Sanghram Singh Address -Village Ispur, PO. Nussi,Tehsil and District Jalandhar, 6. Gurdev Kaur w/o Rajinder Singh Address -Village Ispur, PO. Nussi,Tehsil and District Jalandhar, 7. Devinder Singh S/o Sees Singh Address -Village Ispur, PO. Nussi,Tehsil and District Jalandhar, 8. Tony Randhawa S/o Sees Singh Address -Village Ispur, PO. Nussi,Tehsil and District Jalandhar, 9. Paramjit Kaur W/o Sees Singh Address -Village Ispur, PO. Nussi,Tehsil and District Jalandhar, 10. Satinder Kaur D/o Sees Singh Address -Village Ispur, PO. Nussi,Tehsil and District Jalandhar, 11. Ajitpal Singh Randhawa S/o Amrik Singh Address -Village Ispur, PO. Nussi,Tehsil and District Jalandhar, 12. Tejpal Randhawa S/o Amrik Singh Address -Village Ispur, PO. Nussi,Tehsil and District Jalandhar.

ਉਪਰੋਕਤ ਤਕਸੀਮ ਕੇਸ ਵਿਚ ਇਸ ਦਫ਼ਤਰ ਵਿਚ ਸੁਣਵਾਈ ਲਈ ਮਿਤੀ 20.08.23 ਲਈ ਨਿਯਤ ਹੈ। ਇਸ ਅਦਾਲਤ ਨੂੰ ਤਸੱਲੀ ਹੋ ਚੁੱਕੀ ਹੈ ਕਿ ਉਕਤ ਧਿਰਾਂ ਦੀ ਇਤਲਾਹ ਆਸਾਨ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਲਈ ਇਸ ਪਬਲੀਕੇਸ਼ਨ ਰਾਹੀਂ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਿੱਥੀ ਮਿਤੀ ਨੂੰ ਅਸਾਲਤਨ ਜਾਂ ਵਕਾਲਤਨ ਇਸ ਅਦਾਲਤ ਵਿਚ ਹਾਜ਼ਰ ਆਓ। ਹਾਜ਼ਰ ਨਾ ਆਉਣ ਦੀ ਸੂਰਤ ਵਿਚ ਨਿਯਮਾਂ ਅਨੁਸਾਰ ਇਕਤਰਫਾ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਨੰਬਰ : 183/ ਆਰ ਮਿਤੀ 26.07.24 ਸਹੀ/- ਸਹਾਇਕ ਕੁਲੈਕਟਰ ਦਰਜਾ ਅੱਵਲ, ਜਲੰਧਰ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਅਮਰਜੀਤ ਸਿੰਘ, ਨਾਇਬ ਤਹਿਸੀਲਦਾਰ ਕਰਤਾਰਪੁਰ, ਪੰਜਾਬ

ਵੱਲ

ਸ੍ਰੀ : Gurpreet Singh S/o Gurnam Singh Address-Village Espur, Post Office Nussi,Tehsil and District Jalandhar, 2. Harpreet Singh S/o Gurnam Singh Address -Village Espur, Post Office Nussi,Tehsil and District Jalandhar, 3. Gurmukh Singh S/o Gurnam Singh Address -Village Espur, Post Office Nussi,Tehsil and District Jalandhar, 4.Balwinder Singh S/o Satnam Singh Address -Village Espur, Post Office Nussi,Tehsil and District Jalandhar, 5. Harnek Singh S/o Sanghram Singh Address -Village Espur, Post Office Nussi,Tehsil and District Jalandhar, 6. Rajinder Singh S/o Chanchal Singh Address -Village Espur, Post Office Nussi,Tehsil and District Jalandhar, 7. Karnail Singh S/o Jagjit Singh, Village Espur, Post Office Nussi,Tehsil and District Jalandhar, 8. Gurbax Kaur W/o Jarnail Singh Address -Village Espur, Post Office Nussi,Tehsil and District Jalandhar, 9. Surjit Kaur W/o Surti Address -Village Espur, Post Office Nussi,Tehsil and District Jalandhar, 10. Hardeep Singh S/o Surti Address -Village Espur, Post Office Nussi,Tehsil and District Jalandhar, 11. Varinder Singh S/o Surti Address -Village Espur, Post Office Nussi,Tehsil and District Jalandhar, 12. Manjit Kaur D/o Suraina Address -Village Espur, Post Office Nussi,Tehsil and District Jalandhar, 13. Ajit Pal Singh Randhawa S/o Amrik Singh Address -Village Espur, Post Office Nussi,Tehsil and District Jalandhar, 14. Tej Pal Randhawa S/o Amrik Singh Address -Village Espur, Post Office Nussi,Tehsil and District Jalandhar, 15.Tony Randhawa S/o Bakhshish Singh Address -Village Espur, Post Office Nussi,Tehsil and District Jalandhar, 16. Davinder Singh S/o Bakhshish Singh Address -Village Espur, Post Office Nussi,Tehsil and District Jalandhar, 17. Satinder Kaur D/o Bakhshish Singh Address -Village Espur, Post Office Nussi,Tehsil and District Jalandhar, 18. Manjit Kaur W/o Resham Singh Address -Village Espur, Post Office Nussi,Tehsil and District Jalandhar, 19. Harnek Singh S/o Resham Singh Address -Village Espur, Post Office Nussi,Tehsil and District Jalandhar, 20. Dilbagh Singh S/o Resham Singh Address -Village Espur, Post Office Nussi,Tehsil and District Jalandhar, 21. Harpreet Singh S/o Mohinder Singh Address -Village Espur, Post Office Nussi,Tehsil and District Jalandhar, 22. Amandeep Singh S/o Mohinder Singh Address -Village Espur, Post Office Nussi,Tehsil and District Jalandhar, 23. Surinder Singh S/o Harbans Singh Address -Village Espur, Post Office Nussi,Tehsil and District Jalandhar, 24. Harjinder Singh S/o Harbans Singh Address -Village Espur, Post Office Nussi,Tehsil and District Jalandhar, 25. Sukhwinder Singh S/o Harbans Singh Address -Village Espur, Post Office Nussi,Tehsil and District Jalandhar, 26. Nirmal Kaur Widow Harbans Singh Address -Village Espur, Post Office Nussi,Tehsil and District Jalandhar,

ਉਪਰੋਕਤ ਤਕਸੀਮ ਕੇਸ ਵਿਚ ਇਸ ਦਫ਼ਤਰ ਵਿਚ ਸੁਣਵਾਈ ਲਈ ਮਿਤੀ 20.08.23 ਲਈ ਨਿਯਤ ਹੈ। ਇਸ ਅਦਾਲਤ ਨੂੰ ਤਸੱਲੀ ਹੋ ਚੁੱਕੀ ਹੈ ਕਿ ਉਕਤ ਧਿਰਾਂ ਦੀ ਇਤਲਾਹ ਆਸਾਨ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਲਈ ਇਸ ਪਬਲੀਕੇਸ਼ਨ ਰਾਹੀਂ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਿੱਥੀ ਮਿਤੀ ਨੂੰ ਅਸਾਲਤਨ ਜਾਂ ਵਕਾਲਤਨ ਇਸ ਅਦਾਲਤ ਵਿਚ ਹਾਜ਼ਰ ਆਓ। ਹਾਜ਼ਰ ਨਾ ਆਉਣ ਦੀ ਸੂਰਤ ਵਿਚ ਨਿਯਮਾਂ ਅਨੁਸਾਰ ਇਕਤਰਫਾ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਨੰਬਰ : 182/ ਆਰ ਮਿਤੀ 26.07.24 ਸਹੀ/- ਸਹਾਇਕ ਕੁਲੈਕਟਰ ਦਰਜਾ ਅੱਵਲ, ਜਲੰਧਰ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀਮਤੀ ਸ਼ਾਲਿਨੀ ਗੋਇਲ, ਸਬ ਰਜਿਸਟਰਾਰ, ਮਾਨਸਾ

ਵਿਸ਼ਾ:- ਮੁਤਵਫੀ ਸੁਰੇਸ਼ ਕੁਮਾਰ ਪੁੱਤਰ ਲਾਲ ਚੰਦ ਪੁੱਤਰ ਬਸੰਬਰ ਮੱਲ ਵਾਸੀ ਪਾਰਕ ਰੋਡ, ਵਾਰਡ ਨੰਬਰ 17, ਮੂਸਾ ਸਟਰੀਟ, ਮਾਨਸਾ ਵੱਲੋਂ ਲਿਖੀ ਧਾਨਗੀ ਵਸੀਅਤ ਮਿਤੀ 05.08.2016 ਨੂੰ ਰਜਿਸਟਰਡ ਕਰਨ ਬਾਰੇ।

ਨੋਟਿਸ ਬਨਾਮ ਆਮ ਜਨਤਾ

ਗੀਤਾ ਰਾਣੀ ਪਤਨੀ ਸਵ: ਸੁਰੇਸ਼ ਕੁਮਾਰ, ਪਾਰਕ ਰੋਡ, ਵਾਰਡ ਨੰ: 17, ਮੂਸਾ ਸਟਰੀਟ, ਮਾਨਸਾ ਜ਼ਿਲ੍ਹਾ ਮਾਨਸਾ ਨੇ ਇਕ ਦਰਖਾਸਤ ਮਿਤੀ 22.07.2024 ਨੂੰ ਪੇਸ਼ ਕਰਕੇ ਬੇਨਤੀ ਕੀਤੀ ਹੈ ਕਿ ਵਿਸ਼ਾ ਅਧੀਨ ਮੁਤਵਫੀ ਸੁਰੇਸ਼ ਕੁਮਾਰ ਪੁੱਤਰ ਲਾਲ ਚੰਦ ਪੁੱਤਰ ਬਸੰਬਰ ਮੱਲ

30-JULY-PAGE-7.qxd 7/29/2024 10:37 PM Page 1

ਕਿਰਤੀ ਕਾਮਿਆਂ ਦੇ ਸੰਘਰਸ਼ ਦੀ ਹੋਈ ਜਿੱਤ, ਪੰਜੇ ਮੁਲਾਜ਼ਮ ਬਹਾਲ

- ਟੈਂਕੀ 'ਤੇ ਚੜ੍ਹੇ ਕਰਮੀ ਦਾ ਫੁੱਲਾਂ ਦੇ ਹਾਰ ਨਾਲ ਸਵਾਗਤ
- ਸ਼ਹਿਰ ਵਾਸੀਆਂ ਵੱਲੋਂ ਬਲਕਾਰ ਸਿੱਧੂ ਦਾ ਧੰਨਵਾਦ

ਭਗਤਾ ਭਾਈ ਕਾ (ਰਾਜੀਵ ਗੋਇਲ) ਸਥਾਨਕ ਨਗਰ ਪੰਚਾਇਤ ਦੇ ਕਾਰਜ ਸਾਧਕ ਅਫਸਰ ਤੇ ਸਫਾਈ ਕਾਮਿਆਂ ਵਿਚਕਾਰ ਚੱਲ ਰਿਹਾ ਰੇੜਕਾ ਆਖੀਰ ਪੰਦਰਾਂ ਦਿਨਾਂ ਬਾਅਦ ਖਤਮ ਹੋ ਗਿਆ ਹੈ। ਇਸ ਸੰਘਰਸ਼ ਵਿੱਚ ਆਖੀਰ ਪ੍ਰਸ਼ਾਸਨ ਨੂੰ ਝੁਕਣਾ ਪਿਆ ਤੇ ਕਿਰਤੀ ਕਾਮਿਆਂ ਦੀਆਂ ਮੰਗਾਂ ਮੰਨਦੇ ਹੋਏ ਨੌਕਰੀ ਤੋਂ ਫਾਰਗ ਕੀਤੇ ਪੰਜੇ ਮੁਲਾਜ਼ਮ ਮੁੜ ਬਹਾਲ ਕਰ ਦਿੱਤੇ ਗਏ ਹਨ ਅਤੇ ਇਨ੍ਹਾਂ ਕਾਮਿਆਂ ਖਿਲਾਫ ਸ਼ਿਕਾਇਤ ਦੇਣ ਵਾਲੇ ਆਮ ਕਾਰਕੁਨਾਂ ਨੂੰ ਮੂੰਹ ਦੀ ਖਾਣੀ ਪਈ ਹੈ।

ਜ਼ਿਕਰਯੋਗ ਹੈ ਕਿ ਸਥਾਨਕ ਨਗਰ ਪੰਚਾਇਤ ਦਫਤਰ ਵਿਖੇ ਪਿਛਲੇ ਕਰੀਬ ਤਿੰਨ-ਚਾਰ ਵਰ੍ਹਿਆਂ ਤੋਂ ਦਫਤਰ ਅੰਦਰ ਹੇਠਲੇ ਪੱਧਰ ਦੇ ਕੁਝ ਗਰੀਬ ਕਰਮੀ ਕੰਮ ਕਰ ਰਹੇ ਹਨ, ਜਿਨ੍ਹਾਂ ਵਿੱਚੋਂ ਕਰੀਬ ਪੰਜ ਕਰਮੀਆਂ (ਦੋ ਔਰਤਾਂ ਤੇ ਤਿੰਨ ਨੌਜਵਾਨਾਂ) ਖਿਲਾਫ ਸ਼ਹਿਰ ਦੇ ਆਮ ਆਦਮੀ ਪਾਰਟੀ ਦੇ ਕੁਝ ਕਾਰਕੁਨਾਂ ਵੱਲੋਂ ਆਪਣੀ ਆਉਭਗਤ ਨਾ ਹੋਣ ਤੋਂ ਤੰਗ ਆ ਕੇ ਕਾਰਜ ਸਾਧਕ ਅਫਸਰ ਨੂੰ ਲਿਖਤੀ ਸ਼ਿਕਾਇਤ ਅਰਜ਼ੀ ਸੌਂਪ ਦਿੱਤੀ ਗਈ, ਜਿਸ ਤੋਂ ਬਾਅਦ ਇਨ੍ਹਾਂ ਪੰਜੇ ਮੁਲਾਜ਼ਮਾਂ ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ। ਇਸ ਗੱਲ ਦੀ ਭਿਣਕ ਲੱਗਦੇ ਸਾਰ ਹੀ ਆਪਣੇ ਸਾਥੀਆਂ ਦੀ ਨੌਕਰੀ ਬਚਾਉਣ ਲਈ ਸਾਰੇ ਹੀ ਕਿਰਤੀ ਕਾਮਿਆਂ ਵੱਲੋਂ ਸੰਘਰਸ਼ ਦਾ ਰਸਤਾ ਅਪਣਾਉਂਦੇ ਹੋਏ ਹੜਤਾਲ ਦਾ ਐਲਾਨ ਕਰ ਦਿੱਤਾ ਗਿਆ। ਸਫਾਈ ਕਾਮਿਆਂ ਵੱਲੋਂ ਸਾਰਾ ਕੰਮ ਕਾਜ਼ ਠੱਪ ਕਰ ਦਿੱਤਾ ਗਿਆ ਤੇ ਦਫਤਰ ਦੇ ਬੂਹੇ ਅੱਗੇ ਪੱਕਾ ਮੋਰਚਾ ਲਗਾ ਦਿੱਤਾ ਗਿਆ। ਕਾਮਿਆਂ ਦੇ ਚੱਲ ਰਹੇ ਸੰਘਰਸ਼ ਦੀ ਹਮਾਇਤ ਵਿੱਚ ਨਵੇਂ ਬਣੇ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ, ਦਲਿਤ ਮਹਾਂਪੰਚਾਇਤ ਪੰਜਾਬ ਦੇ ਚੇਅਰਮੈਨ ਕਿਰਨਜੀਤ ਸਿੰਘ ਗਹਿਰੀ, ਕਾਂਗਰਸੀ ਆਗੂ ਜੱਸ ਬੱਜੋਆਣਾ ਸਮੇਤ ਮੌਜੂਦਾ ਸਰਕਾਰ ਦੇ ਸੀਨੀਅਰ ਲੀਡਰਾਂ ਵੱਲੋਂ ਅੰਦਰੋਂ-ਅੰਦਰੀ ਜ਼ੋਰ ਲਗਾਇਆ ਗਿਆ। ਓਧਰ ਦੂਜੇ ਪਾਸੇ ਬੀਤੇ ਐਤਵਾਰ ਛੁੱਟੀ ਵਾਲੇ ਦਿਨ ਇਹ ਸਫਾਈ ਕਰਮੀ ਆਪਣੀ ਸੇਵਾ ਭਾਵਨਾ ਨਾਲ ਸ਼ਹਿਰ ਦੇ ਪੁਲਸ ਸਟੇਸ਼ਨ ਨਜ਼ਦੀਕ ਸ਼ਿਵ ਮੰਦਰ ਦੇ ਬਾਹਰ ਸ਼ਿਵਰਾਤਰੀ ਦੇ ਤਿਉਹਾਰ ਨੂੰ ਲੈ ਕੇ ਸਫਾਈ ਕਰ ਰਹੇ ਸਨ ਤੇ ਇੰਨੇ ਨੂੰ ਸ਼ਿਕਾਇਤਕਰਤਾਵਾਂ ਵਿੱਚੋਂ ਇੱਕਾ ਦੁੱਕਾ ਆਗੂ ਉੱਥੇ ਪਹੁੰਚ ਗਏ, ਜਿਨ੍ਹਾਂ ਵੱਲੋਂ ਇਨ੍ਹਾਂ ਕਾਮਿਆਂ ਨਾਲ ਦੁਰਵਿਹਾਰ ਕੀਤਾ ਗਿਆ, ਪਰ ਸੰਘਰਸ਼ ਨੂੰ ਤਾਰੋਪੀਡ ਹੋਣ ਤੋਂ ਬਚਾਉਣ ਲਈ ਕਾਮੇ ਇਹ ਸਭ ਕੁੱਝ ਸਹਿਣ ਕਰ ਗਏ। ਲਗਾਤਾਰ ਕਰੀਬ ਪੰਦਰਾਂ ਦਿਨ ਸੰਘਰਸ਼ ਚੱਲਣ ਤੋਂ ਬਾਅਦ ਸੁਣਵਾਈ ਹੁੰਦੀ ਨਾ ਦੇਖ ਆਖੀਰ ਇਨ੍ਹਾਂ ਪੰਜੇ ਮੁਲਾਜ਼ਮਾਂ ਦਾ ਇੱਕ ਸਾਥੀ ਸੁੰਦਰ ਲਾਲ ਆਪਣੇ ਜੱਦੀ ਪਿੰਡ ਕਾਂਗੜ ਵਿਖੇ ਪਾਣੀ ਵਾਲੀ ਟੈਂਕੀ 'ਤੇ ਚੜ੍ਹ ਗਿਆ ਅਤੇ ਇੱਕ ਵੀਡੀਓ ਜਾਰੀ ਕਰਕੇ ਨਗਰ ਪੰਚਾਇਤ ਦੇ ਸੁਪਰਡੈਂਟ ਸਮੇਤ ਆਮ ਆਦਮੀ ਪਾਰਟੀ ਦੇ ਕੁਝ ਕਾਰਕੁਨਾਂ ਨੂੰ ਆਪਣੇ ਨਾਲ ਵਾਪਰਨ ਵਾਲੀ ਘਟਨਾ ਦਾ ਜ਼ੁੰਮੇਵਾਰ ਦੱਸਿਆ ਗਿਆ। ਵੀਡਿਓ ਜਾਰੀ ਹੋਣ ਉਪਰੰਤ ਜ਼ੁੰਮੇਵਾਰ ਆਗੂ ਇੱਕ ਵਾਰ ਤਾਂ ਰੂਪੋਸ਼ ਹੋ ਗਏ, ਪਰ ਸੁੰਦਰ ਲਾਲ ਦੇ ਟੈਂਕੀ 'ਤੇ ਚੜ੍ਹਨ ਨਾਲ ਪ੍ਰਸ਼ਾਸਨ ਨੂੰ ਹੱਥਾਂ-ਪੈਰਾਂ ਦੀ ਪੈ ਗਈ ਅਤੇ ਡੀ.ਐੱਸ.ਪੀ. ਫੂਲ ਖੁਦ ਘਟਨਾ ਸਥਾਨ 'ਤੇ ਪੁੱਜ ਗਏ ਅਤੇ ਟੈਂਕੀ 'ਤੇ ਚੜ੍ਹੇ ਮੁਲਾਜ਼ਮ ਦੀ ਹਮਾਇਤ ਵਿੱਚ ਸੜਕ 'ਤੇ ਧਰਨਾ ਲਗਾ ਕੇ ਬੈਠੇ ਪ੍ਰਦਰਸ਼ਨਕਾਰੀਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਨ ਲੱਗੇ, ਪਰ ਸਭ ਕੁਝ ਅਸਫਲ ਹੀ ਰਿਹਾ। ਆਖੀਰ ਚਾਰ-ਪੰਜ ਘੰਟਿਆਂ ਬਾਅਦ ਸਰਕਾਰ ਵੱਲੋਂ ਇਨ੍ਹਾਂ ਕਿਰਤੀ ਕਾਮਿਆਂ ਅੱਗੇ ਗੋਡੇ ਟੇਕ ਦਿੱਤੇ ਗਏ ਅਤੇ ਕਿਸੇ ਉੱਚ-ਅਧਿਕਾਰੀ ਨੂੰ ਮੌਕੇ 'ਤੇ ਭੇਜ ਕੇ ਨੌਕਰੀ ਤੋਂ ਵਾਂਝੇ ਕੀਤੇ ਮੁਲਾਜ਼ਮਾਂ ਨੂੰ ਮੌਕੇ 'ਤੇ ਹੀ ਬਹਾਲਗੀ ਪੱਤਰ ਜਾਰੀ ਕਰ ਦਿੱਤੇ ਗਏ, ਜਿਸ ਤੋਂ ਬਾਅਦ ਪ੍ਰਸ਼ਾਸਨ ਨੇ ਸੁੱਖ ਦਾ ਸਾਹ ਲਿਆ ਅਤੇ ਕਿਰਤੀ ਕਾਮਿਆਂ ਵੱਲੋਂ ਆਪਣੇ ਸਾਥੀ ਨੂੰ ਟੈਂਕੀ ਤੋਂ ਥੱਲੇ ਉਤਾਰਿਆ ਗਿਆ ਅਤੇ ਹਾਰ ਪਾ ਕੇ ਉਸ ਦਾ ਸਵਾਗਤ ਕੀਤਾ ਗਿਆ।

ਸ਼ਹਿਰ ਵਿੱਚ ਇਸ ਮਾਮਲੇ ਦੀ ਚਰਚਾ ਪੂਰੇ ਜ਼ੋਰਾਂ 'ਤੇ ਹੈ ਅਤੇ ਸ਼ਹਿਰ ਵਾਸੀਆਂ ਵੱਲੋਂ ਕਿਰਤੀ ਕਾਮਿਆਂ ਦੀ ਜਿੱਤ 'ਤੇ ਖੁਸ਼ੀ ਮਨਾਈ ਜਾ ਰਹੀ ਹੈ। ਕਿਰਤੀ ਕਾਮਿਆਂ ਵੱਲੋਂ ਸਾਰੇ ਹੀ ਸ਼ਹਿਰ ਵਾਸੀਆਂ ਦਾ ਧੰਨਵਾਦ ਕੀਤਾ ਗਿਆ ਹੈ। ਗੱਲਬਾਤ ਕਰਦੇ ਹੋਏ ਯੂਨੀਅਨ ਪ੍ਰਧਾਨ ਸੰਦੀਪ ਸਿੰਘ ਨੇ ਕਿਹਾ ਕਿ ਉਹ ਸਾਰੇ ਹੀ ਸ਼ਹਿਰ ਵਾਸੀਆਂ ਦਾ ਸੰਘਰਸ਼ 'ਚ ਦਿੱਤੇ ਸਾਥ ਲਈ ਹਮੇਸ਼ਾ ਰਿਣੀ ਰਹਿਣਗੇ ਤੇ ਅੱਗੇ ਤੋਂ ਸਫਾਈ ਦਾ ਪੂਰਾ ਖਿਆਲ ਰੱਖਣਗੇ। ਇਨ੍ਹਾਂ ਕਿਰਤੀ ਕਾਮਿਆਂ ਦੇ ਰੁਜ਼ਗਾਰੀ ਦੀ ਵਾਪਸੀ ਤੋਂ ਬਾਅਦ ਸ਼ਹਿਰ ਵਾਸੀਆਂ ਵੱਲੋਂ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਦਾ ਵੀ ਧੰਨਵਾਦ ਕੀਤਾ ਗਿਆ ਹੈ।

ਭਾਜਪਾ ਆਗੂ ਰਜਨੀਸ਼ ਧੀਮਾਨ ਵੱਲੋਂ ਚੰਨੀ ਦੇ ਬਿਆਨ ਦੀ ਨਿੰਦਾ

ਲੁਧਿਆਣਾ (ਜਸਦੀਪ ਵਰਤੀਆ)-ਕਾਂਗਰਸ ਦੇ ਸੰਸਦ ਮੈਂਬਰ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਲੋਕ ਸਭਾ ਵਿੱਚ ਅੰਮ੍ਰਿਤਪਾਲ ਦੇ ਸਮਰਥਨ ਵਿੱਚ ਦਿੱਤਾ ਗਿਆ ਬਿਆਨ ਮੰਦਭਾਗਾ ਹੈ।ਅੱਜ ਚੰਨੀ ਇੰਦਰਾ ਗਾਂਧੀ ਦਾ ਕਤਲ ਕਰਨ ਵਾਲੇ ਖਾਲਿਸਤਾਨੀਆਂ ਦਾ ਖੁੱਲ੍ਹ ਕੇ ਸਮਰਥਨ ਕਰ ਰਿਹਾ ਹੈ।ਇਹ ਸ਼ਬਦ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਹੇ।ਰਜਨੀਸ਼ ਧੀਮਾਨ ਨੇ ਕਿਹਾ ਕਿ ਚਰਨਜੀਤ ਸਿੰਘ ਚੰਨੀ ਉਨ੍ਹਾਂ ਦੇ ਹੱਕ ਵਿੱਚ ਬੋਲ ਕੇ ਅੱਤਵਾਦੀਆਂ ਦੀ ਵਡਿਆਈ ਕਰ ਰਹੇ ਹਨ।ਉਹ ਕੈਨੇਡਾ ਦੇ ਦੇਸ਼ ਵਿਰੋਧੀ ਅਨਸਰਾਂ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਹਨ ਧੀਮਾਨ ਨੇ ਕਿਹਾ ਕਿ ਪੰਜਾਬ ਦੇ ਲੋਕ 90 ਦੇ ਦਹਾਕੇ 'ਚ ਪਹਿਲਾਂ ਹੀ ਬਹੁਤ ਸੰਤਾਪ ਭੋਗ ਚੁੱਕੇ ਹਨ, ਹੁਣ ਪੰਜਾਬ ਵਿੱਚ ਸ਼ਾਂਤੀ ਵਾਲਾ ਮਾਹੌਲ ਬਣਿਆ ਹੋਇਆ ਹੈ, ਪਰ ਕਾਂਗਰਸ ਮੁੜ ਪੰਜਾਬ ਦਾ ਮਾਹੌਲ ਖਰਾਬ ਕਰਨਾ ਚਾਹੁੰਦੀ ਹੈ।ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਜਨਰਲ ਸਕੱਤਰ ਨਰਿੰਦਰ ਸਿੰਘ ਮੱਲੀ ਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਡਾ. ਸਤੀਸ਼ ਕੁਮਾਰ ਮੌਜੂਦ ਸਨ।

ਰਿਆਸਤ-ਏ-ਰਾਣਾ ਵਿਖੇ ਤੀਜ ਤਿਉਹਾਰ ਦੀ ਸ਼ੁਰੂਆਤ

ਸਰਹਿੰਦ (ਪ੍ਰਮੋਦ ਭਾਰਦਵਾਜ) ਜਿਵੇਂ ਜਿਵੇਂ ਤੀਜ ਦਾ ਤਿਉਹਾਰ 7 ਅਗਸਤ ਨੂੰ ਨੇੜੇ ਆ ਰਿਹਾ ਹੈ, ਪੂਰੇ ਖੇਤਰ ਵਿੱਚ ਵੱਖ-ਵੱਖ ਸਮੂਹਾਂ ਵਿੱਚ ਜਸ਼ਨ ਪਹਿਲਾਂ ਹੀ ਸ਼ੁਰੂ ਹੋ ਗਏ ਹਨ।ਅੱਜ, ਹਮਾਯੂੰਪੁਰ, ਸਰਹਿੰਦ ਦੀਆਂ ਔਰਤਾਂ ਤੇ ਲੜਕੀਆਂ ਨੇ ਰਿਆਸਤ-ਏ-ਰਾਣਾ, ਸਰਹਿੰਦ ਵਿਖੇ ਆਪਣੇ ਉਦਘਾਟਨੀ ਤੀਜ ਸਮਾਗਮ ਦਾ ਆਯੋਜਨ ਕੀਤਾ, ਜੋ ਇਸ ਸ਼ਾਨਦਾਰ ਤਿਉਹਾਰ ਦੇ ਸੀਜ਼ਨ ਦੀ ਸ਼ੁਰੂਆਤ ਹੈ।ਇਸ ਸਮਾਗਮ ਵਿੱਚ ਨਾਮਵਰ ਭਾਗੀਦਾਰਾਂ ਜਿਵੇਂ ਸਿਮਰਨ, ਗੀਤ, ਆਸ਼ਾ, ਹਰਕਮਲਪ੍ਰੀਤ ਕੌਰ, ਰਣਦੀਪ ਕੌਰ ਪੰਧੇਰ ਤੇ ਬਲਜਿੰਦਰ ਕੌਰ ਨੇ ਰੰਗ-ਬਿਰੰਗੇ ਰਵਾਇਤੀ ਪਹਿਰਾਵੇ ਵਿੱਚ ਸ਼ਿਰਕਤ ਕੀਤੀ।ਉਨ੍ਹਾਂ ਨੇ ਜੀਵੰਤ ਗਾਉਣ, ਨੱਚਣ ਤੇ ਤਿਉਹਾਰਾਂ ਦੇ ਆਪਸੀ ਤਾਲਮੇਲ ਨਾਲ ਤੀਜ ਦੀ ਖੁਸ਼ੀ ਦੀ ਭਾਵਨਾ ਨੂੰ ਪੂਰੀ ਤਰ੍ਹਾਂ ਗਲੇ ਲਗਾਇਆ।ਜਸ਼ਨ ਨੇ ਇਸ ਪਿਆਰੇ ਤਿਉਹਾਰ ਨਾਲ ਜੁੜੇ ਅਮੀਰ ਸੱਭਿਆਚਾਰਕ ਵਿਰਸੇ ਤੇ ਫਿਰਕੂ ਖੁਸ਼ੀ ਨੂੰ ਖੂਬਸੂਰਤੀ ਨਾਲ ਉਜਾਗਰ ਕੀਤਾ।ਰਿਆਸਤ-ਏ-ਰਾਣਾ ਦੀ ਮੈਨੇਜਿੰਗ ਡਾਇਰੈਕਟਰ ਡਾ: ਦੀਪਿਕਾ ਸੂਰੀ ਨੇ ਸੀਜ਼ਨ ਦੇ ਪਹਿਲੇ ਤੀਜ ਸਮਾਗਮ ਦੀ ਮੇਜ਼ਬਾਨੀ ਕਰਨ 'ਤੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ।ਡਾ. ਸੂਰੀ ਨੇ ਟਿੱਪਣੀ ਕੀਤੀ, 'ਸਾਡੇ ਸਥਾਨ 'ਤੇ ਜੀਵੰਤ ਤੀਜ ਦੇ ਜਸ਼ਨਾਂ ਦਾ ਗਵਾਹ ਹੋਣਾ ਬਹੁਤ ਖੁਸ਼ੀ ਦੀ ਗੱਲ ਹੈ।ਅਸੀਂ ਤਿਉਹਾਰ ਦੀ ਭਾਵਨਾ ਦਾ ਸਮਰਥਨ ਕਰਨ ਲਈ ਰੋਮਾਂਚਿਤ ਹਾਂ ਅਤੇ ਪੂਰੇ ਸੀਜ਼ਨ ਦੌਰਾਨ ਅਜਿਹੇ ਹੋਰ ਸਮਾਗਮਾਂ ਦੀ ਮੇਜ਼ਬਾਨੀ ਕਰਨ ਲਈ ਉਤਸੁਕ ਹਾਂ।' ਹਮਾਯੂੰਪੁਰ ਸਮੂਹ ਨੇ ਰਿਆਸਤ-ਏ-ਰਾਣਾ ਦੇ ਪ੍ਰਬੰਧਕਾਂ ਦਾ ਉਨ੍ਹਾਂ ਦੀਆਂ ਕੁਸ਼ਲ ਸੇਵਾਵਾਂ ਤੇ ਉੱਚ ਗੁਣਵੱਤਾ ਵਾਲੇ ਭੋਜਨ ਲਈ ਤਹਿ ਦਿਲੋਂ ਧੰਨਵਾਦ ਕੀਤਾ।

ਅਗਰਸੈਨ ਸਕੂਲ ਵਿਖੇ ਨਵੀਂ ਬਿਲਡਿੰਗ ਦੀ ਤੀਜੀ ਮੰਜ਼ਲ ਦਾ ਲੈਂਟਰ ਪਾਇਆ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ ਤੇ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ 'ਚ ਵਾਧਾ ਕਰਦੇ ਹੋਏ ਅਗਰਸੈਨ ਇੰਟਰਨੈਸ਼ਨਲ ਪਬਲਿਕ ਸਕੂਲ ਵਿਖੇ ਬੱਚਿਆਂ ਲਈ ਕਮਰਿਆਂ ਦੀ ਕਮੀ ਨੂੰ ਦੇਖਦੇ ਹੋਏ ਤਕਰੀਬਨ 3 ਕਰੋੜ ਦੀ ਲਾਗਤ ਨਾਲ ਬਣ ਰਹੀ 3 ਮੰਜ਼ਲੀ ਨਵੀਂ ਅਧੁਨਿਕ ਇਮਾਰਤ ਦੇ 9 ਹਜ਼ਾਰ ਸਕੇਅਰ ਫੁੱਟ ਦੇ ਤੀਜੀ ਮੰਜ਼ਲ ਦੇ ਲੈਂਟਰ ਪਾਉਣ ਦੇ ਸ਼ੁਭ ਕਾਰਜ ਦੀ ਸ਼ੁਰੂਆਤ ਕੀਤੀ ਗਈ।ਇਸ ਮੌਕੇ ਪ੍ਰਧਾਨ ਮਦਨ ਮਿੱਤਲ ਨੇ ਦੱਸਿਆ ਕਿ ਸਕੂਲ 'ਚ ਬੱਚਿਆਂ ਲਈ ਕਮਰਿਆਂ ਦੀ ਘਾਟ ਨੂੰ ਦੇਖਦੇ ਹੋਏ ਨਵੇਂ ਕਮਰਿਆਂ ਦੀ ਉਸਾਰੀ ਕੀਤੀ ਜਾ ਰਹੀ ਹੈ।ਇਸ ਮੌਕੇ ਸਕੂਲ ਪ੍ਰਿੰਸੀਪਲ ਅਨੁਰੁੱਧ ਗਰਗ ਨੇ ਕਿਹਾ ਕਿ ਪ੍ਰਧਾਨ ਮਦਨ ਮਿੱਤਲ ਤੇ ਪ੍ਰਬੰਧਕ ਕਮੇਟੀ ਦੀ ਅਣਥੱਕ ਮਿਹਨਤ ਅਤੇ ਵਿਸ਼ੇਸ਼ ਯਤਨਾਂ ਸਦਕਾ ਨਵੀਂ ਬਿਲਡਿੰਗ ਦੀ ਉਸਾਰੀ ਦਾ ਕਾਰਜ ਸੰਭਵ ਹੋਇਆ ਹੈ।ਇਸ ਮੌਕੇ ਪ੍ਰਦੀਪ ਗੋਇਲ ਮਿੰਕਾ, ਕੇਵਲ ਮਿੱਤਲ, ਮੈਂਬਰ ਅੰਕੁਸ਼ ਗੋਇਲ, ਸ਼ਸ਼ੀ ਭੂਸ਼ਣ, ਭੂਸ਼ਣ ਮਿੱਤਲ, ਪੰਕਜ ਗਰਗ, ਰਿਸ਼ੂ ਸਿੰਗਲਾ ਕਰਹਾਲੀ, ਰਵੀ ਗਰਗ ਟੀਮਾ, ਨਰਿੰਦਰ ਪੰਮੀ, ਹੁਸਨ ਲਾਲ, ਰਮਨ ਗੁਪਤਾ, ਰਾਜੀਵ ਗਰਗ, ਕ੍ਰਿਸ਼ਨ ਗੋਇਲ, ਨੀਰਜ ਬਾਂਸਲ, ਸੁਰਿੰਦਰ ਗਰਗ ਤੇ ਵਿਸ਼ਾਲ ਗਰਗ ਆਦਿ ਮੌਜੂਦ ਰਹੇ।

ਪੁਲਸ ਵੱਲੋਂ ਜ਼ਿਲ੍ਹਾ ਸੁਧਾਰ ਘਰ ਦੀ ਅਚਨਚੇਤ ਚੈਕਿੰਗ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਚਾਵਲਾ, ਪਰਮਜੀਤ ਸਿੰਘ)-ਭਾਗੀਰਥ ਸਿੰਘ ਮੀਨਾ ਐੱਸ. ਐੱਸ. ਪੀ. ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ ਹੇਠ ਜ਼ਿਲ੍ਹਾ ਸੁਧਾਰ ਘਰ (ਜੇਲ੍ਹ) ਸ੍ਰੀ ਮੁਕਤਸਰ ਸਾਹਿਬ ਵਿਖੇ ਅਚਨਚੇਤ ਚੈਕਿੰਗ ਕੀਤੀ ਗਈ।ਇਸ ਚੈਕਿੰਗ ਦੌਰਾਨ ਮਨਮੀਤ ਸਿੰਘ ਢਿੱਲੋਂ ਐੱਸ. ਪੀ. (ਡੀ), ਸਤਨਾਮ ਸਿੰਘ ਡੀ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ, ਜਸਪਾਲ ਸਿੰਘ ਡੀ.ਐੱਸ.ਪੀ. (ਡੀ), ਈਸ਼ਾਨ ਸਿੰਗਲਾ ਡੀ.ਐੱਸ.ਪੀ, ਮੁੱਖ ਅਫਸਰਾਨ ਥਾਣਾ ਤੋਂ ਇਲਾਵਾ 150 ਦੇ ਕਰੀਬ ਪੁਲਸ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਵਰੁਣ ਕੁਮਾਰ ਸੁਪਰਡੈਂਟ ਜੇਲ੍ਹ ਨਾਲ ਮਿਲ ਕੇ ਅਚਨਚੇਤ ਜੇਲ੍ਹ ਅੰਦਰ ਚੈਕਿੰਗ ਕੀਤੀ ਗਈ।ਇਹ ਚੈਕਿੰਗ ਕ੍ਰੀਬ 2 ਘੰਟੇ ਤੱਕ ਚਲਾਈ ਗਈ।

ਸੈਲਫ ਗਰੁੱਪ ਵੱਲੋਂ ਸਕੂਲੀ ਬੱਚਿਆਂ ਨੂੰ ਲੋੜੀਂਦੀਆਂ ਵਸਤੂਆਂ ਵੰਡੀਆਂ

ਫਿਰੋਜ਼ਪੁਰ (ਗੁਰਬਚਨ ਸਿੰਘ)-ਸਰਕਾਰੀ ਪ੍ਰਾਇਮਰੀ ਸਕੂਲ ਹਕੂਮਤ ਸਿੰਘ ਵਾਲਾ ਵਿਖੇ ਸੈਲਫ ਗਰੁੱਪ ਵੱਲੋਂ ਪ੍ਰਾਇਮਰੀ ਸਕੂਲ ਵਿੱਚ ਬੱਚਿਆਂ ਲਈ ਪਾਰਕ ਬਣਵਾਇਆ ਗਿਆ ਤੇ ਝੂਲੇ ਲਗਾਏ ਗਏ।ਇਸ ਤੋਂ ਇਲਾਵਾ ਪਲਾਂਟ ਦੀ ਮੈਨੇਜਮੈਂਟ ਟੀਮ ਵੱਲੋਂ ਬੱਚਿਆਂ ਨੂੰ ਲੋੜੀਂਦੀਆਂ ਵਸਤੂਆਂ ਵੰਡੀਆਂ ਗਈਆਂ।ਸਕੂਲ ਵਿੱਚ ਇਸ ਸੰਬੰਧੀ ਇੱਕ ਸ਼ਾਨਦਾਰ ਸਮਾਰੋਹ ਕੀਤਾ ਗਿਆ।ਇਸ ਮੌਕੇ ਵਾਤਾਵਰਨ ਨੂੰ ਸਮਰਪਤ ਸਕੂਲ ਤੇ ਇਸ ਦੇ ਆਲ਼ੇ ਦੁਆਲ਼ੇ ਪੌਦੇ ਵੀ ਲਗਾਏ ਗਏ।ਬੱਚਿਆਂ ਨੂੰ ਆਸ਼ੀਰਵਾਦ ਦੇਣ ਲਈ ਸੇਲ ਪਲਾਂਟ ਮੈਨੇਜਮੈਂਟ ਟੀਮ ਅਸ਼ਵਨੀ ਮਹਿਤਾ ਪਲਾਂਟ ਹੈੱਡ, ਚਰਚਿਲ ਸ਼ਰਮਾ (ਈ ਐੱਚ ਐੱਸ ਹੈੱਡ), ਅਮਿਤ ਖਿਨਰੀ (ਐੱਚ ਆਰ ਐੱਸ ਹੈੱਡ), ਅਰਵਿੰਦ ਬੇਦੀ, ਦਲਬੀਰ ਸਿੰਘ, ਸਾਗਰ ਜੁਨੇਜਾ ਤੋਂ ਇਲਾਵਾ ਬੀ ਪੀ ਈ ਓ ਘੱਲ ਖੁਰਦ ਅੰਮ੍ਰਿਤਪਾਲ ਸਿੰਘ ਬਰਾੜ, ਸੀ ਐੱਚ ਟੀ ਹਰਮੰਦਰ ਸਿੰਘ, ਰਜਿੰਦਰ ਸਿੰਘ ਗਿੱਲ (ਸਟੇਟ ਐਵਾਰਡੀ ਅਧਿਆਪਕ), ਸੁਨੀਲ ਕੁਮਾਰ (ਸਕੂਲ ਹੈੱਡ), ਸਤਵੰਤ ਸਿੰਘ ਕਮੇਟੀ ਮੈਂਬਰ, ਸੁਨੰਦਾ ਰਾਣੀ (ਸਕੂਲ ਮੁਖੀ), ਅਰਸ਼ਦੀਪ ਸਿੰਘ ਸੋਖੀ ਈ ਟੀ ਟੀ ਅਧਿਆਪਕ, ਮੈਡਮ ਗੁਰਪ੍ਰੀਤ ਕੌਰ, ਸਰਪੰਚ ਜਸਮੇਲ ਸਿੰਘ, ਜਗਸੀਰ ਸਿੰਘ ਫੌਜੀ, ਕੇਵਲ ਸਿੰਘ, ਗੁਰਮੇਲ ਸਿੰਘ, ਅਮਰਜੀਤ ਸਿੰਘ ਤੇ ਪਿੰਡ ਦੇ ਪਤਵੰਤੇ ਸੱਜਣ ਪਹੁੰਚੇ।

ਸ਼ਹੀਦ ਗੁਰਪ੍ਰੀਤ ਸਿੰਘ ਬਾਜਵਾ ਦੀ ਬਰਸੀ ਮਨਾਈ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਦੇਸ਼ ਦੀ ਏਕਤਾ ਅਖੰਡਤਾ ਦੀ ਰਾਖੀ ਕਰਦਿਆਂ ਸ਼ਹਾਦਤ ਦਾ ਜਾਮ ਪੀ ਗਏ ਸ਼

30-July-PAGE-8.qxd 7/29/2024 10:46 PM Page 1

ਰੋਟਰੀ ਕਲੱਬ ਬੰਗਾ ਗ੍ਰੀਨ ਦੀ ਟੀਮ ਵੱਲੋਂ ਗੁਰੂ ਕੀ ਰਸੋਈ ਨੂੰ ਲੰਗਰ ਸਮੱਗਰੀ ਭੇਟ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)- ਰੋਟਰੀ ਕਲੱਬ ਬੰਗਾ ਗ੍ਰੀਨ ਦੇ ਪ੍ਰਧਾਨ ਦਿਲਬਾਗ ਸਿੰਘ ਬਾਗੀ ਐਤਵਾਰ ਰੋਟਰੀ ਕਲੱਬ ਬੰਗਾ ਦੀ ਟੀਮ ਨਾਲ ਗੁਰੂ ਕੀ ਰਸੋਈ ਨਵਾਂਸ਼ਹਿਰ ਵਿਖੇ ਰਾਸ਼ਨ ਸਮੱਗਰੀ ਭੇਟ ਕਰਨ ਪਹੁੰਚੇ। ਇਸ ਮੌਕੇ ਉਨ੍ਹਾਂ ਗੁਰੂ ਕੀ ਰਸੋਈ ਦੇ ਮੁੱਖ ਸੇਵਾਦਾਰ ਅਮਰੀਕ ਸਿੰਘ ਅਤੇ ਸਮੂੱਚੇ ਸੇਵਾਦਾਰਾਂ ਵੱਲੋਂ ਬੇਸਹਾਰਾ ਬਜ਼ੁਰਗਾਂ ਨੂੰ ਰੋਜ਼ਾਨਾ ਟਿਫਨਾਂ ਵਿੱਚ 2 ਵੇਲੇ ਦਾ ਲੰਗਰ ਪਹੁੰਚਾਉਣ ਦੀ ਕੀਤੀ ਜਾ ਰਹੀ ਸੇਵਾ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅੱਜ ਬਹੁਤ ਮੁਬਾਰਕ ਘੜੀ ਹੈ ਕਿ ਅੰਨਪੂਰਨਾ ਦਿਨ ਮਨਾਉਣ ਅਸੀਂ ਗੁਰੂ ਕੀ ਰਸੋਈ ਨਵਾਂਸ਼ਹਿਰ ਵਿਖੇ ਪਹੁੰਚੇ ਹਾਂ ਅਤੇ ਕਲੱਬ ਵੱਲੋਂ ਲੰਗਰ ਸਮੱਗਰੀ ਭੇਟ ਕੀਤੀ ਗਈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਗੁਰੂ ਕੀ ਰਸੋਈ ਵੱਲੋਂ ਇਹ ਨਿਸ਼ਕਾਮ ਸੇਵਾ ਕੀਤੀ ਜਾ ਰਹੀ ਹੈ। ਇਸ ਮੌਕੇ ਗੁਰੂ ਕੀ ਰਸੋਈ ਟਿਫਨ ਸੇਵਾ ਦੇ ਮੁੱਖ ਸੇਵਾਦਾਰ ਸਰਦਾਰ ਅਮਰੀਕ ਸਿੰਘ ਵੱਲੋਂ ਰੋਟਰੀ ਕਲੱਬ ਬੰਗਾ ਗ੍ਰੀਨ ਦਾ ਲੰਗਰ ਵਿੱਚ ਰਸਦ ਦੀ ਸੇਵਾ ਪਹੁੰਚਾਉਣ 'ਤੇ ਧੰਨਵਾਦ ਕਰਦਿਆਂ ਗੁਰੂ ਕੀ ਰਸੋਈ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਗੁਰੂ ਕੀ ਰਸੋਈ ਵੱਲੋਂ ਕੀਤੀ ਜਾ ਰਹੀ ਸੇਵਾ ਸਾਲ 2021 ਵਿੱਚ ਗੁਰਜਿੰਦਰ ਸਿੰਘ ਕਨੇਡਾ ਨਿਵਾਸੀ ਦੇ ਵਡਮੁੱਲੇ ਆਰਥਿਕ ਸਹਿਯੋਗ ਨਾਲ ਸ਼ੁਰੂ ਕੀਤੀ ਗਈ ਸੀ ਜਿਸ ਵੇਲੇ 25 ਲੋੜਵੰਦ ਬਜ਼ੁਰਗਾਂ ਨੂੰ ਲੰਗਰ ਪਹੁੰਚਾਉਣ ਤੋਂ ਇਹ ਸੇਵਾ ਆਰੰਭੀ ਗਈ ਅਤੇ ਅੱਜ 600 ਤੋਂ ਵੱਧ ਲੋੜਵੰਦ ਬਜ਼ੁਰਗਾਂ ਨੂੰ ਘਰ ਘਰ ਟਿਫਨਾਂ ਵਿੱਚ ਲੰਗਰ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਲਾਕਾ ਨਿਵਾਸੀਆਂ ਅਤੇ ਐਨ ਆਰ ਆਈ ਵੀਰਾਂ ਦਾ ਇਸ ਸੇਵਾ ਵਿੱਚ ਵਡਮੁੱਲਾ ਸਹਿਯੋਗ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਇਸ ਸੇਵਾ ਦਾ ਹੋਰ ਇਲਾਕਿਆਂ ਵਿੱਚ ਵੀ ਵਿਸਥਾਰ ਕੀਤਾ ਜਾਵੇਗਾ। ਇਸ ਮੌਕੇ ਪ੍ਰਧਾਨ ਦਿਲਬਾਗ ਸਿੰਘ ਬਾਗੀ ਦਾ ਵਿਸ਼ੇਸ਼ ਸਨਮਾਨ ਅਤੇ ਸਮੂੱਚੀ ਪਹੁੰਚੀ ਹੋਈ ਰੋਟਰੀ ਕਲੱਬ ਬੰਗਾ ਗਰੀਨ ਦੀ ਟੀਮ ਦਾ ਸਿਰੋਪਾਓ ਪਾ ਕੇ ਸਨਮਾਨ ਕੀਤਾ ਗਿਆ ਇਸ ਮੌਕੇ ਰੋਟਰੀ ਕਲੱਬ ਬੰਗਾ ਗ੍ਰੀਨ ਦੇ ਪ੍ਰਧਾਨ ਦਿਲਬਾਗ ਸਿੰਘ ਬਾਗੀ ਨਾਲ ਉਹਨਾਂ ਦੀ ਟੀਮ ਵਿੱਚ ਡਾਕਟਰ ਧਰਮਜੀਤ ਸਿੰਘ ਵਾਈਸ ਚਾਂਸਲਰ ਸੰਤ ਭਾਗ ਸਿੰਘ ਯੂਨੀਵਰਸਿਟੀ, ਜੀਵਨ ਦਾਸ ਕੌਸ਼ਲ, ਹਰਮਿੰਦਰ ਸਿੰਘ ਲੱਕੀ ਬਾਬਾ, ਬਲਵਿੰਦਰ ਸਿੰਘ ਪਾਂਧੀ,ਅਸ਼ੋਕ ਕੁਮਾਰ ਅਤੇ ਅਮਰਜੀਤ ਸਿੰਘ ਜਿੰਦੋਵਾਲ ਹਾਜ਼ਰ ਸਨ।

ਵਿਕਾਸ ਕੰਮਾਂ ਦਾ ਉਦਘਾਟਨ ਕੀਤਾ ਤੇ ਨੀਂਹ ਪੱਥਰ ਰੱਖਿਆ

ਚੰਡੀਗੜ੍ਹ, (ਕ੍ਰਿਸ਼ਨ ਗਰਗ) - ਹਰਿਆਣਾ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਕੰਵਰਪਾਲ ਨੇ ਜ਼ਿਲ੍ਹਾ ਯਮੁਨਾਨਗਰ ਦੇ ਪਿੰਡ ਕਿਨਪੁਰਾ ਵਿਚ ਕਰੀਬ 2.78 ਕਰੋੜ ਰੁਪਏ ਦੇ ਵਿਕਾਸ ਕੰਮਾਂ ਦਾ ਉਦਘਾਟਨ ਤੇ ਨੀਂਹ ਪੱਥਰ ਰੱਖਿਆ।ਇਸ ਮੌਕੇ ਤੇ ਉਨ੍ਹਾਂ ਨੇ ਪੌਂਟਾ ਸਾਹਿਬ ਤੋਂ ਪਿੰਡ ਕਿਨਪੁਰ ਤਕ ਡੇਢ ਕਿਲੋਮੀਟਰ ਲੰਬੀ 95.26 ਲੱਖ ਰੁਪਏ ਦੀ ਲਾਗਤ ਨਾਲ ਬਣੀ ਸੜਕ ਤੇ 8 ਲੱਖ ਰੁਪਏ ਦੀ ਲਾਗਤ ਨਾਲ ਬਣੇ ਆਂਗਨਵਾੜੀ ਭਵਨ ਦਾ ਉਦਘਾਟਨ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੇ ਭੂਮੀ ਪੂਜਨ ਕਰਕੇ 1.40 ਕਰੋੜ ਰੁਪਏ ਤੋਂ ਬਣਨ ਵਾਲੇ ਜੰਞ ਘਰ ਦਾ ਨੀਂਹ ਪੱਥਰ ਰੱਖਿਆ। ਨਾਲ ਹੀ ਉਨ੍ਹਾਂ ਨੇ ਕਿਨਪੁਰਾ ਤੋਂ ਪਿੰਡ ਕੜਕੋਲੀ ਤਕ 34.88 ਲੱਖ ਰੁਪਏ ਨਾਲ ਬਣਨ ਵਾਲੇ ਪੱਕੇ ਰਸਤੇ ਦਾ ਵੀ ਨੀਂਹ ਪੱਥਰ ਰੱਖਿਆ। ਖੇਤੀਬਾੜੀ ਮੰਤਰੀ ਨੇ ਇਸ ਦੌਰਾਨ ਹਾਜਰ ਲੋਕਾਂ ਨੂੰ ਸੰਬੋਧਤ ਕਰਦੇ ਹੋਏ ਕਿਹਾ ਕਿ 10 ਸਾਲ ਪਹਿਲਾਂ ਜਿੰਨਾ ਕੰਮ ਸਾਬਕਾ ਸਰਕਾਰ ਵਿਚ ਹੋਏ ਸਨ, ਮੌਜੂਦਾ ਸਰਕਾਰ ਦੇ ਸਮੇਂ ਦੌਰਾਨ ਉਸ ਤੋਂ 10 ਗੁਣਾ ਵੱਧ ਹੋਏ ਹਨ। ਉਨ੍ਹਾਂ ਕਿਹਾ ਕਿ ਬਿਨਾਂ ਪਰਚੀ ਖਰਚੀ ਦੀ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀ ਨੌਜੂਆਨਾਂ ਨੂੰ ਮਿਲ ਰਹੀ ਹੈ।

ਕੇਂਦਰ ਸਰਕਾਰ ਨੇ ਬਜਟ 'ਚ ਮਨਰੇਗਾ ਵਰਕਰਾਂ ਨਾਲ ਕੀਤਾ ਧੋਖਾ : ਖੁਸ਼ੀ ਰਾਮ

ਅੱਪਰਾ (ਨਿਰਮਲ ਗੁੜਾ) - ਕੇਂਦਰ ਸਰਕਾਰ ਨੇ ਬਜਟ ਵਿੱਚ ਇਸ ਵਿੱਤੀ ਵਰ੍ਹੇ ਮਨਰੇਗਾ ਲਈ ਸਿਰਫ 86 ਹਜਾਰ ਕਰੋੜ ਰੁਪਏ ਰੱਖੇ ਹਨ, ਜਦਕਿ ਪਿਛਲੇ ਸਾਲ 2023-24 ਦੌਰਾਨ ਇਸ ਯੋਜਨਾ ਤਹਿਤ ਖਰਚ ਹੋਏ ਇਕ ਲੱਖ ਪੰਜ ਹਜਾਰ ਕਰੋੜ ਨਾਲੋਂ 19,297 ਕਰੋੜ ਘੱਟ ਹਨ । ਇਸ ਦੀ ਜਾਣਕਾਰੀ ਦਿੰਦਿਆਂ ਸੀਨੀਅਰ ਬਸਪਾ ਆਗੂ ਅਤੇ ਬਹੁਜਨ ਸਮਾਜ ਦੇ ਚਿੰਤਕ ਸਰਪੰਚ ਖੁਸ਼ੀ ਰਾਮ ਫਿਲੌਰ ਨੇ ਕਿਹਾ ਕਿ ਇਸ ਬੱਜਟ ਦੌਰਾਨ ਕੰਦਰ ਸਰਕਾਰ ਨੇ ਮਨਰੇਗਾ ਯੋਜਨਾ ਤਹਿਤ 10 ਸਾਲ ਵਿੱਚ ਸੱਭ ਤੋਂ ਘੱਟ ਫੰਡ ਰੱਖਿਆ ਹੈ। ਉਹਨਾਂ ਅਗੇ ਕਿਹਾ ਕਿ ਦੇਸ਼ ਦਾ ਬਹੁਤਾ ਪਿੰਡਾਂ ਦਾ ਮਜਦੂਰ ਵਰਗ ਮਨਰੇਗਾ ਵਿੱਚ ਦਿਹਾੜੀ ਕਰਕੇ ਗੁਜਾਰਾ ਕਰ ਰਿਹਾ ਹੈ, ਚਾਹੀਦਾ ਤਾਂ ਇਹ ਸੀ ਕਿ ਫੰਡ ਵੱਧ ਰੱਖ ਕੇ ਸਾਲ ਵਿੱਚ 100 ਦਿਨ ਦੀ ਥਾਂ ਪੂਰਾ ਸਾਲ ਕੰਮ ਦਿੱਤਾ ਜਾਂਦਾ ਤਾਂ ਜੋ ਮਜਦੂਰ ਦਾ ਵੀ ਸਾਲ ਭਰ ਚੁੱਲਾ ਤਪ ਸਕਦਾ। ਮਜਦੂਰ ਇਸ ਸਮੇ ਸੰਕਟ 'ਚੋਂ ਗੁਜਰ ਰਿਹਾ ਹੈ। ਮਹਿੰਗਾਈ, ਬੇਰੁਜਗਾਰੀ, ਬੇਇਲਾਜੀ, ਗਰੀਬੀ ਤੇ ਭੁੱਖਮਰੀ ਦੇ ਸੰਕਟ 'ਚੋਂ ਗੁਜਰਦਾ ਹੋਇਆ ਮਜਦੂਰ ਕਰਜੇ ਚੁੱਕ ਕੇ ਬੱਚਿਆਂ ਨੂੰ ਪੜ੍ਹਾਈ ਕਰਵਾ ਰਿਹਾ ਹੈ ਤਾਂ ਕਿ ਦੇਸ਼ ਖੁਸ਼ਹਾਲ ਹੋਵੇ, ਪਰ ਸਰਕਾਰਾਂ ਦੀਆਂ ਮਾੜੀਆਂ ਤੇ ਖੋਖਲੀਆਂ ਨੀਤੀਆਂ ਕਾਰਨ ਪੜ੍ਹੇ ਲਿਖੇ ਬੱਚਿਆਂ ਨੂੰ ਨੌਕਰੀਆਂ ਨਾ ਮਿਲਣ ਕਰਕੇ ਹੋਰ ਵੀ ਨਿਰਾਸ਼ਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰਾਂ ਵਲੋਂ ਮਜਦੂਰ ਵਰਗ ਦੀਆਂ ਵੋਟਾਂ ਹੱਥਿਆਉਣ ਲਈ ਮੁਫਤ ਵਾਲ਼ੀਆਂ ਸਕੀਮਾਂ ਚਲਾ ਕੇ ਮਜਬੂਰ ਤੇ ਨਿਰਭਰ ਕਰਕੇ ਮਾਨਸਿਕ ਗੁਲਾਮ ਬਣਾ ਕਿ ਰੱਖਿਆ ਹੋਇਆ ਹੈ।ਖੁਸ਼ੀ ਰਾਮ ਨੇ ਕਿਹਾ ਕਿ ਜੇਕਰ ਮਨਰੇਗਾ ਵਰਕਰਾਂ ਨੂੰ ਸਾਲ ਭਰ ਕੰਮ ਮਿਲੇ, ਉਹਨਾਂ ਦੇ ਬੱਚਿਆਂ ਲਈ ਵਿਦਿਆ, ਇਲਾਜ ਦਾ ਪ੍ਰਬੰਧ ਸਰਕਾਰ ਕਰੇ ਅਤੇ ਪੜ੍ਹੇ ਲਿਖੇ ਬੱਚਿਆਂ ਲਈ ਸਰਕਾਰੀ ਨੌਕਰੀਆਂ ਦਾ ਪ੍ਰਬੰਧ ਕਰੇ ਤਾਂ ਉਹਨਾਂ ਦੇ ਘਰਾਂ ਵਿੱਚ ਖੁਸ਼ਹਾਲੀ ਆਪਣੇ ਆਪ ਆ ਜਾਵੇਗੀ, ਫਿਰ ਕਿਸੇ ਨੂੰ ਮੁਫਤ ਦੀ ਕਣਕ ਲੈਣ ਲਈ ਭਿਖਾਰੀਆਂ ਦੀ ਤਰ੍ਹਾਂ ਲਾਈਨ ਵਿੱਚ ਨਹੀਂ ਲਗਣਾ ਪਵੇਗਾ।

ਟਰੱਸਟ ਵੱਲੋਂ ਸਕੂਲਾਂ ਤੇ ਕਾਲਜਾਂ ਦੇ ਮੁਖੀਆਂ ਨੂੰ ਫੀਸਾਂ ਦੀ ਰਾਸ਼ੀ ਦਿੱਤੀ ਜਾਵੇਗੀ : ਹੇਅਰ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਨਿਮਰਤਾ ਪਬਲਿਕ ਚੈਰੀਟੇਬਲ ਟਰੱਸਟ ਰਜਿ. ਲਿੱਤਰਾਂ (ਜਲੰਧਰ) ਦੀ ਮੀਟਿੰਗ ਮੁੱਖ ਦਫਤਰ ਵਿਖੇ ਲਸ਼ਕਰ ਸਿੰਘ ਹੇਅਰ ਯੂ ਐਸ ਏ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਟਰੱਸਟ ਦੇ ਚੇਅਰਮੈਨ ਅਮਰਜੀਤ ਸਿੰਘ, ਵਾਈਸ ਪ੍ਰਧਾਨ ਮਨਜੀਤ ਕੌਰ ਹੇਅਰ ਯੂ ਐਸ ਏ ਫਾਊਂਡਰ ਟਰੱਸਟੀ, ਜੋਗਾ ਸਿੰਘ ਹੇਅਰ ਯੂ ਐਸ ਏ ਫਾਊਂਡਰ ਟਰੱਸਟੀ, ਜਸਵਿੰਦਰ ਸਿੰਘ ਹੇਅਰ ਯੂ ਐਸ ਏ ਫਾਊਂਡਰ ਟਰੱਸਟੀ, ਸਹਾਇਕ ਪ੍ਰਧਾਨ ਜਥੇਦਾਰ ਤਰਸੇਮ ਸਿੰਘ ਹੇਅਰ, ਕਾਨੂੰਨੀ ਸਲਾਹਕਾਰ ਰਵਿੰਦਰ ਸਿੰਘ ਹੇਅਰ ਅਤੇ ਸਕੱਤਰ ਹਰਮੇਲ ਸਿੰਘ ਸ਼ਾਮਿਲ ਹੋਏ।ਜਸਵਿੰਦਰ ਸਿੰਘ ਹੇਅਰ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵੱਖ-ਵੱਖ ਕਾਲਜਾਂ ਅਤੇ ਸਕੂਲਾਂ ਤੋਂ ਆਏ ਵਿਦਿਆਰਥੀਆਂ ਦੇ ਵਿਦਿਅਕ ਸਹਾਇਤਾ ਲਈ ਪ੍ਰਾਰਥਨਾ ਪੱਤਰ ਮੁਤਾਬਕ ਉਹਨਾਂ ਦੇ ਸਿੱਖਿਆ ਸੰਸਥਾਵਾਂ ਵਿੱਚ ਜਾ ਕੇ ਟਰੱਸਟ ਵੱਲੋਂ ਸਕੂਲਾਂ ਅਤੇ ਕਾਲਜਾਂ ਦੇ ਮੁੱਖੀਆਂ ਨੂੰ ਫੀਸਾਂ ਦੀ ਰਾਸ਼ੀ ਦਿੱਤੀ ਜਾਵੇਗੀ।ਨਾਲ ਦੀ ਨਾਲ ਉਹਨਾਂ ਬੱਚਿਆਂ ਨੂੰ ਵਾਤਾਵਰਨ ਨੂੰ ਬਚਾਉਣ ਲਈ ਪ੍ਰੇਰਿਤ ਕਰਨ ਹਿੱਤ ਬੂਟੇ ਵੀ ਵੰਡੇ ਜਾਣਗੇ।

ਵਿਸ਼ਵ ਕੁਦਰਤ ਸੰਭਾਲ਼ ਦਿਵਸ ਮਨਾਇਆ

ਆਦਮਪੁਰ (ਪਰਮਜੀਤ ਸਿੰਘ):-ਸਥਾਨਕ ਦੀ ਇੰਪੀਰੀਅਲ ਸਕੂਲ ਗਰੀਨ ਕੈਂਪਸ ਚੇਅਰਮੈਨ ਜਗਦੀਸ਼ ਲਾਲ , ਡਾਇਰੈਕਟਰ ਜਗਮੋਹਨ ਅਰੋੜਾ, ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਸਵਿੰਦਰ ਕੌਰ ਮੱਲ੍ਹੀ , ਵਾਇਸ ਪ੍ਰਿੰਸੀਪਲ ਪੂਜਾ ਠਾਕੁਰ, ਅਕਾਦਮਿਕ ਸਲਾਹਕਾਰ ਰੇਨੂ ਚੋਹਲ ਅਤੇ ਸਮੂਹ ਸਟਾਫ਼ ਦੀ ਅਧੀਨਗੀ ਹੇਠ ਵਿਸ਼ਵ ਕੁਦਰਤ ਸੰਭਾਲ਼ ਦਿਵਸ ਮਨਾਇਆ ਗਿਆ।ਵਿਦਿਆਰਥੀਆਂ ਵੱਲੋਂ ਰੁੱਖ ਲਗਾਏ ਗਏ ਅਤੇ ਉਹਨਾਂ ਨੂੰ ਆਪਣੀ ਕੁਦਰਤ ਦੀ ਸੰਭਾਲ ਲਈ ਪ੍ਰੇਰਿਤ ਕੀਤਾ ਗਿਆ।ਸਕੂਲ ਵਲੋਂ ਇਹ ਇੱਕ ਖਾਸ ਉਪਰਾਲਾ ਸੀ।ਜਿਸ ਨਾਲ ਸਾਡਾ ਚੌਗਿਰਦਾ ਹਰਿਆ - ਭਰਿਆ ਰਹੇਗਾ। ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਆਪਣੀ ਕੁਦਰਤ ਨਾਲ ਪਿਆਰ ਕਰਨ ਅਤੇ ਇਸ ਦੀ ਸੰਭਾਲ ਦਾ ਸੰਦੇਸ਼ ਦਿੱਤਾ।ਚੇਅਰਮੈਨ ਤੇ ਡਾਇਰੈਕਟਰ ਨੇ ਵੀ ਸਾਰਿਆਂ ਨੂੰ ਇਕ-ਇਕ ਪੌਦਾ ਜਲਦ ਹੀ ਦੇਣ ਲਈ ਕਿਹਾ। ਸਕੂਲ ਦੇ ਸਟਾਫ ਅਤੇ ਬੱਚਿਆਂ ਨੇ ਇਸ ਦਿਨ ਨੂੰ ਸ਼ਰਧਾ ਪੂਰਵਕ ਮਨਾਇਆ ।

ਐੱਨ ਜੀ ਓ ਦੇ ਸਹਿਯੋਗ ਨਾਲ ਘਰ-ਘਰ ਜਾ ਕੇ ਡਸਟ ਬਿਨ ਵੰਡੇ

ਕਰਤਾਰਪੁਰ (ਹਰਮੇਸ਼ ਦੱਤ) ਪਿੰਡ ਦਿਆਲ ਪੁਰ ਵਿਖੇ ਪੰਚਾਇਤ ਦੇ ਸਹਿਯੋਗ ਨਾਲ ਰਾਉਡ ਗਲਾਸ ਐਨ ਜੀ ਓ ਦੇ ਸਟਾਫ ਵੱਲੋਂ ਘਰ-ਘਰ ਜਾ ਕੇ ਡਸਟ ਬਿਨ (ਕੂੜਾ ਦਾਨ) ਵੰਡੇ ਗਏ ਅਤੇ ਹਰ ਗ੍ਰਹਿਣੀ ਨੂੰ ਇਨ੍ਹਾਂ ਦੀ ਯੋਗ ਵਰਤੋਂ ਕਰਨ ਬਾਰੇ ਜਾਣਕਾਰੀ ਦਿੱਤੀ ਗਈ । ਸੋਲਿਡ ਵੇਸਟ ਪਲਾਂਟ ਜੋ ਕੁਝ ਸਮਾਂ ਪਹਿਲਾਂ ਪਿੰਡ ਵਿੱਚ ਸ਼ਮਸ਼ਾਨ-ਘਾਟ ਦੇ ਨੇੜੇ ਤਿਆਰ ਕੀਤਾ ਗਿਆ ਸੀ ਅਤੇ ਜਿਸ ਦਾ ਉਦਘਾਟਨ ਕੈਬਿਨਟ ਮੰਤਰੀ ਬਲਕਾਰ ਸਿੰਘ ਵੱਲੋਂ ਕੀਤਾ ਜਾ ਚੁੱਕਾ ਹੈ ਉਹ ਚਾਲੂ ਕਰ ਦਿੱਤਾ ਗਿਆ ਹੈ । ਜੋ ਕਰਮਚਾਰੀ ਪਹਿਲਾਂ ਹੀ ਘਰਾਂ ਵਿੱਚੋਂ ਕੂੜਾ ਕਰਕਟ ਚੁੱਕਣ ਲਈ ਰੱਖੇ ਹੋਏ ਹਨ ਉਹ ਹੀ ਸੋਲਿਡ ਵੇਸਟ ਪਲਾਂਟ ਤੱਕ ਲੈ ਕੇ ਜਾਇਆ ਕਰਨਗੇ। ਕੋਈ ਵੀ ਨਗਰ ਨਿਵਾਸੀ ਖੁੱਲ੍ਹੀ ਜਗ੍ਹਾ 'ਤੇ ਕੂੜਾ ਕਰਕਟ ਸੁੱਟਣ ਦੀ ਕੋਸ਼ਿਸ਼ ਨਾ ਕਰੇ। ਪਿੰਡ ਦੇ ਹਰ ਗਲੀ ਮੁਹੱਲੇ ਅਤੇ ਚੌਗਿਰਦੇ ਨੂੰ ਸਾਫ਼ ਸੁਥਰਾ ਰੱਖਣ ਲਈ ਆਪ ਸਭ ਦੇ ਸਹਿਯੋਗ ਦੀ ਲੋੜ ਹੈ।

ਅਥਰਵ ਫਾਊਂਡੇਸ਼ਨ ਨੇ ਸੈਨਿਕਾਂ ਦੇ ਪਰਵਾਰਾਂ ਨੂੰ ਤਿੰਨ ਐਂਬੂਲੈਂਸਾਂ ਦਿੱਤੀਆਂ

ਜਲੰਧਰ (ਸ਼ੈਲੀ ਐਲਬਰਟ) - 'ਕਾਰਗਿਲ ਵਿਜੇ ਦਿਵਸ' ਦੀ 25ਵੀਂ ਵਰ੍ਹੇਗੰਢ ਮੌਕੇ ਅਥਰਵ ਫਾਊਂਡੇਸ਼ਨ ਦੇ ਪ੍ਰਧਾਨ ਸੁਨੀਲ ਰਾਣੇ ਵੱਲੋਂ ਸਾਬਕਾ ਸੈਨਿਕਾਂ ਦੀ ਭਲਾਈ ਲਈ ਇੱਕ ਐਂਬੂਲੈਂਸ ਭੇਟ ਕੀਤੀ ਗਈ । ਮਹਾਰਾਸ਼ਟਰ ਦੇ ਰਾਜਪਾਲ ਰਮੇਸ਼ ਬੈਸਜੀ, ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ, ਫੌਜ ਦੇ ਅਧਿਕਾਰੀਆਂ ਅਤੇ ਅਥਰਵ ਫਾਊਂਡੇਸ਼ਨ ਦੀ ਉਪ ਚੇਅਰਪਰਸਨ ਵਰਸ਼ਾ ਰਾਣੇ ਦੀ ਮੌਜੂਦਗੀ ਵਿੱਚ ਉੱਤਰ-ਪੂਰਬੀ ਰਾਜਾਂ ਦੇ ਸਾਬਕਾ ਸੈਨਿਕਾਂ ਅਤੇ ਸ਼ਹੀਦ ਸੈਨਿਕਾਂ ਦੇ ਪਰਵਾਰਾਂ ਨੂੰ ਤਿੰਨ ਐਂਬੂਲੈਂਸਾਂ ਭੇਟ ਕੀਤੀਆਂ ਗਈਆਂ । ਅਥਰਵ ਫਾਊਂਡੇਸ਼ਨ ਨੇ ਪਿਛਲੇ ਸਾਲਾਂ ਵਿੱਚ ਮਨੀਪੁਰ, ਅਸਾਮ, ਸਿੱਕਮ, ਨਾਗਾਲੈਂਡ ਅਤੇ ਅਰੁਣਾਚਲ ਪ੍ਰਦੇਸ਼ ਦੇ ਰਾਜ ਸੈਨਿਕ ਬੋਰਡਾਂ ਨੂੰ ਐਂਬੂਲੈਂਸਾਂ ਵੀ ਦਾਨ ਕੀਤੀਆਂ ਹਨ। ਸੁਨੀਲ ਰਾਣੇ ਨੇ ਕਿਹਾ ਕਿ ਮੈਂ ਸਾਰੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ। ਮਿਜ਼ੋਰਮ, ਮੇਘਾਲਿਆ ਅਤੇ ਤ੍ਰਿਪੁਰਾ ਵਿੱਚ ਰਹਿ ਰਹੇ ਸਾਡੇ ਸੈਨਿਕਾਂ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ, ਅਸੀਂ ਐਂਬੂਲੈਂਸ ਪ੍ਰਦਾਨ ਕਰ ਰਹੇ ਹਾਂ। ਇਸ ਮੁਹਿਮ 'ਬੇਟੀ ਬਚਾਓ ਬੇਟੀ ਪੜ੍ਹਾਓ' ਦੇ ਤਹਿਤ, ਅਸੀਂ ਆਪਣੀਆਂ ਧੀਆਂ ਨੂੰ ਸਿੱਖਿਆ ਦੇ ਖੇਤਰ ਵਿੱਚ ਅੱਗੇ ਵਧਣ ਅਤੇ ਵਧੀਆ ਕਰਨ ਵਿੱਚ ਮਦਦ ਕਰਨ ਲਈ ਲੈਪਟਾਪ ਵੀ ਵੰਡ ਰਹੇ ਹਾਂ। ਸ਼ਿਲਾਂਗ, ਮੇਘਾਲਿਆ ਵਿੱਚ ਵੀ ਇੱਕ ਕੇਂਦਰ ਖੋਲ੍ਹਿਆ ਜਾ ਰਿਹਾ ਹੈ। ।ਇਹ ਪਹਿਲਕਦਮੀ ਦੇਸ਼ ਦੀ ਸੁਰੱਖਿਆ ਲਈ ਆਪਣੀਆਂ ਜਾਨਾਂ ਸਮਰਪਿਤ ਕਰਨ ਵਾਲੇ ਬਹਾਦਰ ਰੂਹਾਂ ਪ੍ਰਤੀ ਸਾਡੀ ਕੌਮ ਦੇ ਧੰਨਵਾਦ ਨੂੰ ਰੇਖਾਂਕਿਤ ਕਰਦੀ ਹੈ, ਅਤੇ ਇਹ ਸਾਡੇ ਸਾਬਕਾ ਸੈਨਿਕਾਂ ਦੀ ਭਲਾਈ ਲਈ ਸਮਰਥਨ ਕਰਨ ਲਈ ਸਾਡੀ ਵਚਨਬੱਧਤਾ ਨੂੰ ਮਜ਼ਬੂਤ ਕਰਦੀ ਹੈ। ਅਥਰਵ ਫਾਊਂਡੇਸ਼ਨ ਐਜੂਕੇਸ਼ਨਲ ਟਰੱਸਟ ਦਾ ਉਦੇਸ਼ ਸੁਨੀਲ ਰਾਣੇ ਦੀ ਅਗਵਾਈ ਅਤੇ ਅਗਵਾਈ ਹੇਠ ਔਰਤਾਂ, ਬੱਚਿਆਂ ਅਤੇ ਨੌਜਵਾਨਾਂ ਨੂੰ ਸਿੱਖਿਆ ਅਤੇ ਸਿਖਲਾਈ ਪ੍ਰਦਾਨ ਕਰਨਾ ਹੈ ਤਾਂ ਜੋ ਉਹ ਸਵੈ-ਨਿਰਭਰ ਹੋ ਕੇ ਮਾਣ-ਸਨਮਾਨ ਨਾਲ ਜੀਵਨ ਬਤੀਤ ਕਰ ਸਕਣ। ਫਾਊਂਡੇਸ਼ਨ ਭਾਰਤ ਦੇ ਪੇਂਡੂ ਖੇਤਰਾਂ ਵਿੱਚ ਲੜਕੀਆਂ ਦੀ ਸਿੱਖਿਆ, ਸ਼ਹੀਦਾਂ ਦੇ ਪਰਵਾਰਾਂ ਦੀ ਮਦਦ, ਮਹਿਲਾ ਸਸ਼ਕਤੀਕਰਨ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਵਰਗੀਆਂ ਨੇਕ ਪਹਿਲਕਦਮੀਆਂ ਲਈ ਕੰਮ ਕਰਨ ਲਈ ਵਚਨਬੱਧ ਹੈ।

ਮੈਡੀਕਲ ਕੈਂਪ 'ਚ 155 ਮਰ

30-July-PAGE-9-Doaba-24.qxd 7/29/2024 10:45 PM Page 1

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਐਕਸਪ੍ਰੈੱਸ ਵੇਅ 'ਤੇ ਪੁਲ ਬਣਾਉਣ ਦੀ ਮੰਗ ਨੂੰ ਲੈ ਕੇ ਅਣਮਿੱਥੇ ਸਮੇਂ ਲਈ ਲਾਇਆ ਧਰਨਾ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)-ਨਿਰਮਾਣ ਅਧੀਨ ਜਾਮਨਗਰ -ਟਿੱਬਾ ਐਕਸਪ੍ਰੈਸ ਵੇਅ ਉੱਪਰ ਪਿੰਡ ਰਣਧੀਰ ਪੁਰ ਨੇੜੇ ਪਾਣੀ ਦੀ ਨਿਕਾਸੀ ਨੂੰ ਲੈ ਕੇ ਪੁਲ ਬਣਾਉਣ ਦੀ ਮੰਗ ਕਰ ਰਹੇ ਇਲਾਕਾ ਨਿਵਾਸੀਆਂ ਨੂੰ ਪ੍ਰਸ਼ਾਸਨ ਅਤੇ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਵੱਲੋਂ ਅਣਗੌਲਿਆਂ ਕੀਤੇ ਜਾਣ ਤੋਂ ਬਾਅਦ ਗੁੱਸੇ ਵਿੱਚ ਕਿਸਾਨਾਂ ਨੇ ਰੋਡ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਪਿੰਡ ਰਣਧੀਰਪੁਰ ਨੇੜੇ ਐਕਸਪ੍ਰੈਸ ਵੇਅ ਦੇ ਉੱਪਰ ਅਣਮਿੱਥੇ ਸਮੇਂ ਲਈ ਧਰਨਾ ਲਾ ਦਿੱਤਾ ਅਤੇ ਨਿਰਮਾਣ ਕਾਰਜ ਪੂਰੀ ਤਰ੍ਹਾਂ ਰੋਕ ਦਿੱਤੇ।ਇਸ ਮੌਕੇ ਇਲਾਕਾ ਨਿਵਾਸੀਆਂ ਨੇ ਰੋਹ ਵਿੱਚ ਆ ਕੇ ਪ੍ਰਸ਼ਾਸਨ ਅਤੇ ਨੈਸ਼ਨਲ ਹਾਈਵੇ ਅਥਾਰਟੀ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਜਿੰਨਾ ਚਿਰ ਇਸ ਜਗ੍ਹਾ ਉਪਰ ਪੁਲ ਦਾ ਨਿਰਮਾਣ ਨਹੀਂ ਕੀਤਾ ਗਿਆ, ਓਨਾ ਚਿਰ ਉਹ ਆਪਣਾ ਧਰਨਾ ਜਾਰੀ ਰੱਖਣਗੇ ਅਤੇ ਇੱਥੇ ਕਿਸੇ ਤਰ੍ਹਾਂ ਦਾ ਵੀ ਕੋਈ ਕਾਰਜ ਨਹੀਂ ਕਰਨ ਦੇਣਗੇ।ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂਆਂ ਪੁਸ਼ਪਿੰਦਰ ਸਿੰਘ ਮੋਮੀ, ਸਰਵਨ ਸਿੰਘ ਸੋਨੀ, ਬਖਸ਼ੀਸ਼ ਸਿੰਘ ਮੋਮੀ, ਦਿਲਬਾਗ ਸਿੰਘ ਨੇ ਦੱਸਿਆ ਕਿ ਰਣਧੀਰਪੁਰ ਸਮੇਤ ਇਸ ਦੇ ਨਾਲ਼ ਲੱਗਦੇ ਪਿੰਡ ਨੀਵੀਂ ਜਗ੍ਹਾ ਵਿੱਚ ਸਥਿਤ ਹਨ।ਭਾਰੀ ਬਰਸਾਤਾਂ ਤੋਂ ਬਾਅਦ ਪਾਣੀ ਇਨ੍ਹਾਂ ਪਿੰਡਾਂ ਵਿੱਚ ਜਮ੍ਹਾਂ ਹੋ ਜਾਂਦਾ ਹੈ ਅਤੇ ਫ਼ਸਲਾਂ ਖਰਾਬ ਹੋ ਜਾਂਦੀਆਂ ਹਨ। ਸੁਲਤਾਨਪੁਰ ਲੋਧੀ-ਕਪੂਰਥਲਾ ਸੜਕ ਉੱਚੀ ਹੋਣ ਕਾਰਨ ਪਾਣੀ ਦੀ ਡਾਢ ਲੱਗ ਜਾਂਦੀ ਹੈ ਅਤੇ ਪਾਣੀ ਦੀ ਨਿਕਾਸੀ ਨਹੀਂ ਹੁੰਦੀ। ਹੁਣ ਸੁਲਤਾਨਪੁਰ ਲੋਧੀ ਵਾਲੇ ਪਾਸੇ ਵੱਲ 16 ਫੁੱਟ ਉੱਚੇ ਉਸਾਰੇ ਜਾ ਐਕਸਪ੍ਰੈਸ ਵੇਅ ਨਾਲ ਉਨ੍ਹਾਂ ਦਾ ਵੱਡਾ ਨੁਕਸਾਨ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਇਲਾਕਾ ਹੜ੍ਹਾਂ ਤੋਂ ਪ੍ਰਭਾਵਿਤ ਹੋਣ ਕਰਕੇ ਐਕਸਪ੍ਰੈਸ ਵੇਅ ਵਿੱਚ ਵੱਡੀ ਗਿਣਤੀ ਵਿੱਚ ਪੁਲ ਉਸਾਰੇ ਜਾਣੇ ਚਾਹੀਦੇ ਹਨ ਪਰ ਨੈਸ਼ਨਲ ਹਾਈਵੇ ਅਥਾਰਟੀ ਅਤੇ ਪ੍ਰਸ਼ਾਸਨ ਇਸ ਪ੍ਰਤੀ ਗੰਭੀਰ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਇੱਕ ਸਾਲ ਤੋਂ ਮੰਗ ਕਰ ਰਹੇ ਹਨ ਕਿ ਪਿੰਡ ਰਣਧੀਰਪੁਰ ਨੇੜੇ ਘੱਟੋ ਘੱਟ 400

ਮੀਟਰ ਲੰਮੇ ਪੁਲ ਦਾ ਨਿਰਮਾਣ ਕੀਤਾ ਜਾਵੇ ਜਿਸ ਨਾਲ ਇਨ੍ਹਾਂ ਪਿੰਡਾਂ ਵਿੱਚੋਂ ਪਾਣੀ ਦੀ ਨਿਕਾਸੀ ਜਲਦੀ ਹੋ ਸਕੇ।ਉਨ੍ਹਾਂ ਕਿਹਾ ਕਿ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਵੱਲੋਂ ਕੋਈ ਹੁੰਗਾਰਾ ਨਾ ਭਰੇ ਜਾਣ ਅਤੇ ਹੁਣ ਲਗਾਤਾਰ ਮਿੱਟੀ ਪਾ ਕੇ ਇੱਥੋਂ ਬਹੁਤ ਜ਼ਿਆਦਾ ਉੱਚਾ ਕੀਤੇ ਤੇ ਅੱਜ ਇਲਾਕੇ ਦੇ ਕਿਸਾਨਾਂ ਵੱਲੋਂ ਧਰਨਾ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਨੂੰ ਖੁਸ਼ ਕਰਨ ਲਈ ਇਨ੍ਹਾਂ ਸੜਕਾਂ ਦਾ ਨਿਰਮਾਣ ਕਰ ਰਹੀ ਹੈ ਜਦ ਕਿ ਜ਼ਮੀਨਾਂ ਐਕਵਾਇਰ ਕਰਨ ਸਮੇਂ ਕਿਸਾਨਾਂ ਨੂੰ ਬਹੁਤ ਘੱਟ ਮੁਆਵਜ਼ਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਅਤੇ ਨੈਸ਼ਨਲ ਹਾਈਵੇ ਅਥਾਰਟੀ ਨੇ ਕਿਸਾਨਾਂ ਦੇ ਸਹਿਮਤੀ ਲਏ ਬਗੈਰ ਹੀ ਜ਼ਮੀਨਾਂ ਐਕਵਾਇਰ ਕਰ ਲਈਆਂ ਹਨ।ਇਸ ਮੌਕੇ ਰੋਡ ਸੰਘਰਸ਼ ਕਮੇਟੀ ਦੇ ਪ੍ਰਧਾਨ ਪ੍ਰਭਦਿਆਲ ਸਿੰਘ ਨੇ ਆਪਣੇ ਸਾਥੀਆਂ ਸਮੇਤ ਧਰਨੇ ਵਿੱਚ ਸ਼ਮੂਲੀਅਤ ਕਰਦਿਆਂ ਐਲਾਨ ਕੀਤਾ ਕਿ ਮੰਗਾਂ ਨਾ ਮੰਨੇ ਜਾਣ ਕਾਰਨ ਕਪੂਰਥਲੇ ਜ਼ਿਲ੍ਹੇ ਅੰਦਰ ਦਿੱਲੀ ਅੰਮ੍ਰਿਤਸਰ ਕਟੜਾ ਅਤੇ ਜਾਮਨਗਰ ਬਠਿੰਡਾ ਟਿੱਬਾ ਐਕਸਪ੍ਰੈਸ ਵੇਅ ਦੇ ਕਾਰਜ ਰੋਕ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਰੋਡ ਸੰਘਰਸ਼ ਕਮੇਟੀ ਪਿਛਲੇ ਤਿੰਨ ਸਾਲਾਂ ਤੋਂ ਵੱਧ ਮੁਆਵਜ਼ਾ ਲੈਣ ਤੇ ਪਾਣੀ ਦੀ ਨਿਕਾਸੀ ਲਈ ਵੱਡੀ ਗਿਣਤੀ ਵਿੱਚ ਪੁਲ ਬਣਾਉਣ ਲਈ ਜੱਦੋ-ਜਹਿਦ ਕਰ ਰਹੀ ਹੈ।ਇਸ ਮੌਕੇ ਤਰਸੇਮ ਸਿੰਘ, ਰਣਜੀਤ ਸਿੰਘ ਰਾਣਾ, ਸੁਖਵਿੰਦਰ ਸਿੰਘ ਮਸੀਤਾਂ, ਜਗਦੀਪ ਸਿੰਘ ਗਾਂਧਾ ਸਿੰਘ ਵਾਲਾ ਨੇ ਦੱਸਿਆ ਕਿ ਕਪੂਰਥਲਾ ਜ਼ਿਲ੍ਹੇ ਦੇ ਕਿਸਾਨਾਂ ਨੂੰ ਐਕਸਪ੍ਰੈਸ ਵੇਅ ਲਈ ਐਕਵਾਇਰ ਕੀਤੀ ਜ਼ਮੀਨ ਦਾ ਪੂਰੇ ਪੰਜਾਬ ਵਿੱਚ ਸਭ ਤੋਂ ਘੱਟ ਮੁਆਵਜ਼ਾ ਦਿੱਤਾ ਗਿਆ ਹੈ, ਜਦ ਕਿ ਇੱਥੋਂ ਦੀ ਜ਼ਮੀਨ ਸਭ ਤੋਂ ਵੱਧ ਉਪਜਾਊ ਅਤੇ ਕੀਮਤੀ ਹੈ। ਉਨ੍ਹਾਂ ਕਿਹਾ ਕਿ ਜਮੀਨਾਂ ਦੀ ਬੇਸਿਕ ਕੀਮਤ ਤੈਅ ਕਰਨ ਵੇਲੇ ਉਸ ਸਮੇਂ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਰਾਜਨੀਤਕ ਲੋਕਾਂ ਨੇ ਸਹੀ ਭੂਮਿਕਾ ਨਹੀਂ ਨਿਭਾਈ ਜਿਸ ਦਾ ਖਮਿਆਜ਼ਾ ਅੱਜ ਇਸ ਇਲਾਕੇ ਦੇ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਪਟਿਆਲਾ, ਸੰਗਰੂਰ, ਗੁਰਦਾਸਪੁਰ ਜ਼ਿਲ੍ਹਿਆਂ ਵਿੱਚ ਐਕਵਾਇਰ ਕੀਤੀਆਂ ਜ਼ਮੀਨਾਂ ਦਾ ਮੁਆਵਜ਼ਾ ਪ੍ਰਤੀ ਏਕੜ 70 ਲੱਖ ਤੋਂ ਇੱਕ ਕਰੋੜ ਰੁਪਏ ਤੱਕ ਦਿੱਤਾ ਗਿਆ ਹੈ ਜਦ ਕਿ ਕਪੂਰਥਲਾ ਜ਼ਿਲ੍ਹੇ ਵਿੱਚ 22 ਲੱਖ ਤੋਂ 40 ਲੱਖ ਹੀ ਦਿੱਤਾ ਗਿਆ ਹੈ।ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਪ੍ਰਭਾਵਿਤ ਹੋ ਰਹੇ ਕਿਸਾਨਾਂ ਵੱਲੋਂ ਐਕਸ਼ਨ ਕਮੇਟੀ ਦਾ ਗਠਨ ਕਰਕੇ ਅਗਲੇ ਸੰਘਰਸ਼ ਦਾ ਜਲਦ ਐਲਾਨ ਕੀਤਾ ਜਾਵੇਗਾ ਅਤੇ ਨਿਰਮਾਣ ਕਾਰਜ ਪੂਰੀ ਤਰ੍ਹਾਂ ਠੱਪ ਕਰ ਦਿੱਤੇ ਜਾਣਗੇ।ਇਸ ਸਬੰਧੀ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਕਿਹਾ ਕਿ ਧਰਨਾਕਾਰੀਆਂ ਨਾਲ ਜਲਦ ਗੱਲਬਾਤ ਕਰਨਗੇ।ਇਸ ਮੌਕੇ ਜਸਵਿੰਦਰ ਸਿੰਘ ਕਾਲਾ, ਸੁਖਦੇਵ ਸਿੰਘ ਮੋਮੀ, ਪਿਆਰਾ ਸਿੰਘ, ਪਰਮਜੀਤ ਸਿੰਘ, ਅਮਰਜੀਤ ਸਿੰਘ, ਬਲਦੇਵ ਸਿੰਘ, ਤਾਰਾ ਸਿੰਘ, ਸੂਬਾ ਸਿੰਘ, ਸੋਨੀ, ਮਲਕੀਤ ਸਿੰਘ, ਸ਼ੰਭੂ, ਸੁਭਾਸ਼ ਸਿੰਘ ਰਣਧੀਰਪੁਰ, ਸਤਨਾਮ ਸਿੰਘ, ਸੁਖਵਿੰਦਰ, ਹਰਸਿਮਰਨਜੀਤ ਸਿੰਘ, ਗੋਪੀ ਝੱਲ ਲੇਈ ਵਾਲਾ, ਅਮਰੀਕ ਸਿੰਘ ਹੈਬਤਪੁਰ ਅਤੇ ਹੋਰ ਕਿਸਾਨ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਸਮਾਰਟ ਸਕੂਲ ਲਹਿਲੀ ਖੁਰਦ 'ਚ 127 ਬੱਚੇ, ਅਧਿਆਪਕ ਇੱਕ : ਧੀਮਾਨ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਵਿਚ ਮੂਲ ਸੰਵਿਧਾਨਕ ਅਧਿਕਾਰਾਂ ਨਾਲ ਅਣਦੇਖੀ ਕਰ ਰਹੀ ਹੈ । ਸਰਕਾਰੀ ਐਲੀਮੈਂਟਰੀ ਸਕੂਲਾਂ ਵਿਚ 6—14 ਸਾਲ ਤੱਕ ਸਕੂਲੀ ਬੱਚਿਆਂ ਨਾਲ ਖਿਲਵਾੜ ਕਰਨਾ ਗੈਰ ਸੰਵਿਧਾਨਕ ਹੈ । ਸੰਵਿਧਾਨਕ ਅਹੁਦਿਆਂ ਉਤੇ ਬਿਰਾਜਮਾਨ ਇਨ੍ਹਾਂ ਅਧਿਕਾਰਾਂ ਦੀ ਹੋ ਰਹੀ ਉਲੰਘਣਾ ਵਾਰੇ ਰੱਤੀ ਭਰ ਚਿੰਤਾ ਨਹੀਂ।ਅਜਿਹੀਆਂ ਅਣਗਹਿਲੀਆਂ ਦੇਸ਼ ਦੇ ਭਵਿੱਖ ਲਈ ਘਾਤਕ ਸਿੱਧ ਹੋ ਰਹੀਆਂ ਹਨ।ਰਾਈਟ ਟੂ ਐਜੂਕੇਸ਼ਨ ਐਕਟ 2009 ਮੂਲ ਸੰਵਿਧਾਨਕ ਅਧਿਕਾਰਾਂ ਦੀ ਧਾਰਾ 21ਏ ਤਹਿਤ ਬੜੇ ਜੋਰ ਸ਼ੋਰ ਨਾਲ ਬਣਿਆ।ਪਰ ਦੁਖਾਂਤ ਇਹ ਹੈ ਕਿ ਉਹ ਲਾਗੂ ਨਹੀਂ ਕੀਤਾ ਜਾ ਰਿਹਾ।ਵਿਧਾਨ ਸਭਾ ਹਲਕਾ ਚੌਬੇਵਾਲ ਦੇ ਪਿੰਡ ਲਹਿਲੀ ਖੁਰਦ ਵਿਖੇ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਜੋ ਸਿੱਖਿਆ ਬਲਾਕ ਮਾਹਿਲਪੁਰ—1,ਹੁਸ਼ਿਆਰਪੁਰ ਵਿਚ ਪੈਂਦਾ ਹੈ ਤੇ ਉਥੇ 127 ਬੱਚਿਆਂ ਪਿਛੇ 1 ਹੀ ਟੀਚਰ ਹੋਣ ਕਰਕੇ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਸਕੂਲੀ ਬੱਚਿਆਂ ਦੀਆਂ ਮੁਸ਼ਕਲਾਂ ਜਾਣਨ ਲਈ ਸਕੂਲ ਵਿਚ ਵਿਜ਼ਟ ਕਰਨ ਤੋਂ ਬਾਅਦ ਸਕੂਲ ਦੇ ਮਾੜੇ ਹਾਲਤਾਂ ਅਤੇ ਬੱਚਿਆਂ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਕੀਤੇ ਜਾ ਰਹੇ ਖਿਲਵਾੜ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਸਰਕਾਰਾਂ ਨੇ ਕਦੇ ਸਮਾਰਟ ਸਕੂਲਾਂ ਦੇ ਸਪਨੇ ਵਿਖਾਏ ਅਤੇ ਕਦੇ ਸਕੂਲ ਆਫ ਐਮੀਨੈਂਸ ਦੀ ਸਪਨੇ ਸੰਯੋਜਿਤ ਕੀਤੇ।

ਪਰ ਸਕੂਲਾਂ ਵਿਚ ਬੱਚਿਆਂ ਦੀ ਹਾਲਤ ਅੱਜ ਤੋਂ 30-40 ਸਾਲ ਪਹਿਲੇ ਸਕੂਲਾਂ ਨਾਲੋਂ ਵੀ ਪੰਜਾਬ ਸਰਕਾਰ ਨੇ ਭੈੜੀ ਕਰਕੇ ਰੱਖ ਦਿੱਤੀ ਹੈ। ਧੀਮਾਨ ਨੇ ਦੱਸਿਆ ਕਿ ਜਦੋਂ ਉਹ ਸਕੂਲ ਗਏ, ਗਰਮੀ ਨਾਲ ਬੱਚਿਆਂ ਦੀ ਹਾਲਤ ਬੁਰੀ ਸੀ ਭਾਵੇਂ ਪੱਖੇ ਚਲਦੇ ਸਨ।ਸਿਰਫ 2 ਕਮਰੇ ਹੀ ਨਸੀਬ ਹਨ 127 ਬੱਚਿਆਂ ਨੂੰ ਤੇ 1 ਟੀਚਰ।ਸਕੂਲ ਵਿਚ ਰੈਗੂਲਰ ਟੀਚਰ ਤਾਂ ਬਿਮਾਰ ਸੀ ਪਰ ਉਨ੍ਹਾਂ ਥਾਂ ਪਿੰਡ ਭੁੱਲੋ ਰਾਠਾਂ ਤੋਂ ਇਕ ਅਧਿਆਪਕ ਦੀ ਆਰਜ਼ੀ ਡਿਊਟੀ ਲਗਾਈ ਹੋਈ ਸੀ ।ਪਰ ਇਸ ਨਾਲ ਹੁਣ ਉਹ ਸਕੂਲ ਵੀ ਸਿੰਗਲ ਟੀਚਰ ਬਣ ਗਿਆ।ਉਨ੍ਹਾਂ ਦਸਿਆ ਕਿ ਇਕ ਪਾਸੇ ਸਰਕਾਰ ਸਕੂਲਾਂ ਵਿਚ ਗਿਣਤੀ ਵਧਾਉਣ ਦਾ ਡਰਾਮਾ ਕਰ ਰਹੀ ਹੈ ਜਦੋਂ ਬੱਚੇ ਵਧ ਜਾਂਦੇ ਹਨ ਤਾਂ ਟੀਚਰ ਪੂਰੇ ਨਹੀਂ ਮਿਲਦੇ।ਧੀਮਾਨ ਨੇ ਦੱਸਿਆ ਕਿ ਆਰ ਟੀ ਈ ਐਕਟ 2009 ਅਨੁਸਾਰ 30 ਬੱਚਿਆਂ ਪਿਛੇ 1 ਅਧਿਆਪਕ, 60 ਬੱਚਿਆਂ ਤੱਕ 2, 61 ਤੋਂ 90 ਬੱਚਿਆਂ ਤੱਕ 3 ਟੀਚਰ, 91 ਤੋਂ 120 ਬੱਚਿਆਂ ਤੱਕ 4 ਟੀਚਰ ਅਤੇ 121 ਤੋਂ ਲੈ ਕੇ 200 ਬੱਚਿਆਂ ਤੱਕ 5 ਟੀਚਰ ਅਤੇ 1 ਹੈਡ ਟੀਚਰ ਦਾ ਮਾਪਦੰਡ ਹੈ।ਇਹ ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਸਰਕਾਰ ਆਪੇ ਹੀ ਕਾਨੂੰਨ ਬਣਾਉਂਦੀ ਹੈ ਅਤੇ ਆਪੇ ਹੀ ਲਾਗੂ ਨਹੀਂ ਕਰ ਰਹੀ।ਅੱਜ ਲੋਕ ਅਪਣੇ ਬੱਚਿਆਂ ਨੂੰ ਪੜ੍ਹਾਉਂਣਾ ਚਾਹੁੰਦੇ ਹਨ, ਪਰ ਸਰਕਾਰਾਂ ਅਨਪੜ੍ਹਤਾ ਪੈਦਾ ਕਰਕੇ ਰੱਖਣਾ ਚਾਹੁੰਦੀਆਂ ਹਨ। ਧੀਮਾਨ ਨੇ ਦੱਸਿਆ ਕਿ ਇਕ ਪਾਸੇ ਬੇਰੁਜ਼ਗਾਰ ਟੀਚਰ ਪੰਜਾਬ ਸਰਕਾਰ ਦੇ ਦਫਤਰਾਂ ਅੱਗੇ ਨੌਕਰੀ ਲੈਣ ਲਈ ਮੁਜ਼ਾਹਰੇ ਕਰਦੇ ਹਨ ਤੇ ਸਰਕਾਰ ਦੀਆਂ ਲਾਠੀਆਂ ਦੇ ਸ਼ਿਕਾਰ ਹੋ ਰਹੇ ਹਨ ਤੇ ਦੂਸਰੇ ਪਾਸੇ ਸਕੂਲਾਂ ਵਿਚ ਟੀਚਰਾਂ ਦੀਆਂ ਅਣਗਣਿਤ ਪੋਸਟਾਂ ਖਾਲੀ ਪਈਆਂ ਹਨ।ਮੱਖ ਮੰਤਰੀ ਪੰਜਾਬ ਗਰੀਬ ਦਲਿਤ ਅਤੇ ਝੁੱਗੀ ਝੌਂਪੜੀਆਂ ਦੇ ਬੱਚਿਆਂ ਨੂੰ ਨਾ ਸਿੱਖਿਆ ਦੇ ਕੇ ਦੇਸ਼ ਦਾ ਵੱਡਾ ਨੁਕਸਾਨ ਕਰ ਰਹੇ ਹਨ।ਉਨ੍ਹਾਂ ਦਸਿਆ ਕਿ ਸਕੂਲ ਨੂੰ ਬੱਚਿਆਂ ਦੇ ਜਾਣ ਵਾਲਾ ਰਸਤਾ ਬਰਸਾਤ ਦੇ ਦਿਨਾ ਵਿਚ ਕਿਚੜ ਨਾਲ ਭਰ ਜਾਂਦਾ ਹੈ।ਬੱਚਿਆਂ ਦੇ ਅਨੁਪਾਤ ਅਨੁਸਾਰ ਬਿਲਡਿੰਗ ਵੀ ਨਾ ਮਾਤਰ ਹੈ।ਹੋਰ ਤੇ ਹੋਰ ਜ਼ਿਲ੍ਹਾ ਸਿੱਖਿਆ ਅਫਸਰ ਅਤੇ ਇਲਾਕੇ ਦੇ ਹੋਰ ਲੀਡਰ ਸਕੂਲਾਂ ਦੀ ਤਰਸਯੋਗ ਹਾਲਤ ਵਾਰੇ ਜਾਣੂ ਹਨ। ਇਹ ਅਤਿ ਸ਼ਰਮ ਵਾਲੀ ਗੱਲ ਹੈ ਕਿ ਅਜ਼ਾਦੀ ਦੇ 76 ਸਾਲ ਬਾਅਦ ਵੀ ਸਰਕਾਰੀ ਸਕੂਲ ਸਿੰਗਲ ਟੀਚਰ ਅਤੇ ਟੀਚਰ ਲੈਸ ਮਜ਼ੂਦ ਹਨ।ਇਹ ਦੁਨੀਆਂ ਦਾ ਸਭ ਤੋਂ ਬੱਚਿਆਂ ਨਾਲ ਵੱਡਾ ਧੋਖਾ ਹੈ ਤੇ ਨਿਰਦੇਸ਼ ਬੱਚਿਆਂ ਦੇ ਅਧਿਕਾਰਾਂ ਨਾਲ ਖਿਲਵਾੜ ਹੈ।

ਡੀ ਟੀ ਐੱਫ ਵੱਲੋਂ ਈ ਟੀ ਟੀ ਅਧਿਆਪਕਾਂ ਨੂੰ ਖ਼ਾਲੀ ਅਸਾਮੀਆਂ 'ਤੇ ਬਦਲੀ ਕਰਵਾਉਣ ਦਾ ਮੌਕਾ ਦੇਣ ਦੀ ਮੰਗ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਡੈਮੋਕਰੈਟਿਕ ਟੀਚਰਜ਼ ਫ਼ਰੰਟ ਪੰਜਾਬ (ਡੀ.ਟੀ.ਐਫ਼.) ਨੇ ਪੰਜਾਬ ਸਰਕਾਰ ਤੋਂ ਈ.ਟੀ.ਟੀ. ਅਧਿਆਪਕਾਂ ਨੂੰ ਸਿੰਗਲ-ਟੀਚਰ ਸਕੂਲਾਂ ਵਿੱਚ ਪ੍ਰੀ-ਪ੍ਰਾਇਮਰੀ ਅਧਿਆਪਕਾਂ ਦੀਆਂ ਖ਼ਾਲੀ ਪਈਆਂ ਹਜ਼ਾਰਾਂ ਅਸਾਮੀਆਂ ਉੱਤੇ ਬਦਲੀ ਲਈ ਅਪਲਾਈ ਕਰਨ ਦਾ ਮੌਕਾ ਦੇਣ ਦੀ ਮੰਗ ਕੀਤੀ ਹੈ। ਇਸ ਸੰਬੰਧੀ ਪ੍ਰੈੱਸ ਨੋਟ ਰਾਹੀਂ ਇਹ ਮੰਗ ਚੁੱਕਦਿਆਂ ਡੀ.ਟੀ.ਐੱਫ. ਦੇ ਸੂਬਾ ਜਨਰਲ ਸਕੱਤਰ ਮੁਕੇਸ਼ ਗੁਜਰਾਤੀ, ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਜ਼ਿਲ੍ਹਾ ਜਨਰਲ ਸਕੱਤਰ ਇੰਦਰ ਸੁਖਦੀਪ ਸਿੰਘ ਓਢਰਾ, ਵਿੱਤ ਸਕੱਤਰ ਮਨਜੀਤ ਸਿੰਘ ਦਸੂਹਾ ਅਤੇ ਪ੍ਰੈੱਸ ਸਕੱਤਰ ਬਲਜੀਤ ਸਿੰਘ ਮਹਿਮੋਵਾਲ ਆਦਿ ਆਗੂਆਂ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਦੱਸਿਆ ਕਿ ਸਰਕਾਰ ਵਲੋਂ 2018 ਵਿੱਚ ਪ੍ਰਾਇਮਰੀ ਸਕੂਲਾਂ ਵਿੱਚ ਐੱਲ.ਕੇ.ਜੀ. ਅਤੇ ਯੂ.ਕੇ.ਜੀ. ਜਮਾਤਾਂ ਸ਼ੁਰੂ ਕਰਕੇ ਪ੍ਰੀ-ਪ੍ਰਾਇਮਰੀ ਵਿੰਗ ਸ਼ੁਰੂ ਕੀਤਾ ਅਤੇ ਇਸ ਵਿੱਦਿਅਕ ਵਰ੍ਹੇ ਤੋਂ ਇਸ ਵਿੱਚ ਇੱਕ ਹੋਰ ਨਰਸਰੀ ਜਮਾਤ ਦਾ ਵਾਧਾ ਕੀਤਾ ਗਿਆ ਪਰ ਸਰਕਾਰ ਵਲੋਂ ਪ੍ਰਾਇਮਰੀ ਸਕੂਲਾਂ ਵਿੱਚ ਪ੍ਰੀ-ਪ੍ਰਾਇਮਰੀ ਦੀਆਂ ਤਿੰਨ ਜਮਾਤਾਂ ਵਧਾਉਣ ਦੇ ਬਾਵਜੂਦ ਇਨ੍ਹਾਂ ਜਮਾਤਾਂ ਲਈ ਅਧਿਆਪਕਾਂ ਦੀਆਂ ਵੱਖਰੀਆਂ ਅਸਾਮੀਆਂ ਸਿਰਜਣ ਦੀ ਬਜਾਇ ਪਹਿਲਾਂ ਤੋਂ ਸਕੂਲਾਂ ਵਿੱਚ ਚਲਦੀਆਂ ਈ.ਟੀ.ਟੀ. ਅਧਿਆਪਕਾਂ ਦੀਆਂ ਅਸਾਮੀਆਂ ਵਿਚੋਂ ਇੱਕ ਅਸਾਮੀ ਨੂੰ ਘਟਾ ਦਿੱਤਾ ਜਿਸ ਨਾਲ ਕਿ ਪੰਜਾਬ ਦੇ ਹਜ਼ਾਰਾਂ ਪ੍ਰਾਇਮਰੀ ਸਕੂਲ ਪਿਛਲੇ ਕਈ ਸਾਲਾਂ ਤੋਂ ਅਧਿਆਪਕਾਂ ਦੀ ਘਾਟ ਨਾਲ ਜੂਝ ਰਹੇ ਹਨ ਅਤੇ ਵੱਡੀ ਗਿਣਤੀ ਵਿੱਚ ਸਕੂਲ ਸਿੰਗਲ-ਟੀਚਰ ਹੀ ਚੱਲ ਰਹੇ ਹਨ ਜਿੱਥੇ ਕਿ ਇਕੱਲਾ ਅਧਿਆਪਕ ਹੀ ਨਰਸਰੀ ਤੋਂ ਪੰਜਵੀਂ ਤੱਕ ਦੀਆਂ ਅੱਠ ਜਮਾਤਾਂ ਸਾਂਭ ਰਿਹਾ ਹੈ, ਮਿਡ ਡੇ ਮੀਲ ਵੀ ਤਿਆਰ ਕਰਵਾ ਰਿਹਾ ਹੈ ਅਤੇ ਸਕੂਲ ਦਾ ਪ੍ਰਬੰਧ ਵੀ ਕਰ ਰਿਹਾ ਹੈ। ਬਹੁਤ ਸਾਰੇ ਈ.ਟੀ.ਟੀ. ਅਧਿਆਪਕ ਇਨ੍ਹਾਂ ਸਿੰਗਲ-ਟੀਚਰ ਸਕੂਲਾਂ ਵਿੱਚ ਬਦਲੀਆਂ ਕਰਵਾ ਕੇ ਆਉਣਾ ਚਾਹੁੰਦੇ ਹਨ ਪਰ ਬਦਲੀਆਂ ਦੇ ਈ-ਪੰਜਾਬ ਪੋਰਟਲ ਉੱਤੇ ਅਸਾਮੀ ਨਾ ਹੋਣ ਕਾਰਨ ਉਹ ਸਿੰਗਲ-ਟੀਚਰ ਸਕੂਲਾਂ ਵਿੱਚ ਬਦਲੀ ਲਈ ਅਪਲਾਈ ਨਹੀਂ ਕਰ ਸਕਦੇ। ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਈ-ਪੰਜਾ

30-JULY-PAGE-10.qxd 7/29/2024 10:36 PM Page 1

ਨੌਜਵਾਨ ਦੀ ਮੌਤ ਨੂੰ ਲੈ ਕੇ ਕਟਾਣੀ ਕਲਾਂ ਵਿਖੇ ਚੰਡੀਗੜ੍ਹ ਰੋਡ ਜਾਮ

■ ਹਫਤਾ ਬੀਤਣ ਦੇ ਬਾਅਦ ਵੀ ਨਹੀਂ ਹੋਈਆਂ ਮੁਲਜ਼ਮਾਂ ਦੀਆਂ ਗ੍ਰਿਫਤਾਰੀਆਂ

ਦੋਰਾਹਾ (ਹਰਮਿੰਦਰ ਸੇਠ)- ਦੋਰਾਹਾ ਨੇੜੇ ਪੈਂਦੇ ਪਿੰਡ ਜਟਾਣਾ ਦੇ 20 ਨੌਜਵਾਨ, ਜਿਸ ਨੇ ਪਿਛਲੇ ਦਿਨੀਂ ਨਹਿਰ ਵਿੱਚ ਛਾਲ ਮਾਰ ਖ਼ੁਦਕੁਸ਼ੀ ਕਰ ਲਈ ਸੀ, ਦੇ ਕੇਸ ਵਿੱਚ ਨਾਮਜ਼ਦ ਕੋਈ ਵੀ ਵਿਅਕਤੀ ਗ੍ਰਿਫ਼ਤਾਰ ਨਾ ਹੋਣ ਕਰਕੇ ਪਰਿਵਾਰ ਨੇ ਵੱਖ ਵੱਖ ਸਮਾਜਿਕ ਤੇ ਕਿਸਾਨ ਜਥੇਬੰਦੀਆਂ ਨੂੰ ਲੈ ਕੇ ਕਟਾਣੀ ਕਲਾਂ 'ਚ ਚੰਡੀਗੜ੍ਹ ਰੋਡ ਜਾਮ ਕਰ ਦਿੱਤਾ, ਜਿਸ ਕਰਕੇ ਪ੍ਰਸ਼ਾਸਨ ਨੂੰ ਹੱਥਾਂ ਪੈਰਾਂ ਦੀ ਪੈ ਗਈ।ਦੱਸਣਯੋਗ ਹੈ ਕਿ ਇਸ ਕੇਸ ਵਿੱਚ ਮ੍ਰਿਤਕ ਨੌਜਵਾਨ ਦੇ ਪਰਿਵਾਰ ਨੇ ਪਿੰਡ ਦੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਪੜ੍ਹਾਉਂਦੇ ਮਹਿਲਾ ਅਧਿਆਪਕਾ ਉਪਰ ਦੋਸ਼ ਲਗਾਏ ਸਨ ਕਿ ਉਹ ਉਨ੍ਹਾਂ ਦੇ ਪੁੱਤਰ ਨਾਲ ਫੋਨ ਚੈਟ ਕਰਦੀ ਸੀ, ਜਿਸ ਦਾ ਪਤਾ ਲੱਗਣ ਬਾਅਦ ਮੈਡਮ ਦੇ ਦਿਓਰ ਨੇ ਨੌਜਵਾਨ ਨੂੰ ਧਮਕੀਆਂ ਦਿੱਤੀਆਂ ਸਨ।ਨੌਜਵਾਨ ਦਬਾਅ ਹੇਠ ਆ ਕੇ ਕਟਾਣੀ ਨਹਿਰ ਦੇ ਪੁਲ ਤੋਂ ਛਾਲ ਮਾਰ ਕੇ ਆਤਮਹੱਤਿਆ ਕਰ ਲਈ ਸੀ।

ਇਸ ਮੌਕੇ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਵਿਧਾਨ ਸਭਾ ਹਲਕਾ ਤੋਂ ਆਜ਼ਾਦ ਚੋਣ ਲੜ ਚੁੱਕੇ ਸਮਾਜ ਸੇਵੀ ਗੁਰਦੀਪ ਸਿੰਘ ਕਾਲੀ ਨੇ ਕਿਹਾ ਕਿ ਪੁਲਸ ਨੇ ਇਸ ਮਾਮਲੇ ਵਿੱਚ ਪੈਸੇ ਦਾ ਲੈਣ ਦੇਣ ਕਰਕੇ ਇਸ ਕੇਸ ਵਿੱਚ ਨਾਮਜਦ ਵਿਅਕਤੀਆਂ ਵਿਰੁੱਧ ਕੋਈ ਵੀ ਕਾਰਵਾਈ ਨਹੀਂ ਕੀਤੀ, ਜਦੋਂ ਕਿ ਥਾਣਾ ਕੂਮ ਕਲਾਂ ਦੇ ਐੱਸ ਐੱਚ ਓ ਨੂੰ ਪੀੜਤ ਪਰਿਵਾਰ ਵੱਲੋਂ ਨਾਮਜਦ ਵਿਅਕਤੀਆਂ ਦੇ ਘਰ ਵਿੱਚ ਹੋਣ ਦੀਆਂ ਵੀਡੀਓ ਵੀ ਭੇਜੀਆਂ ਗਈਆਂ ਸਨ, ਪ੍ਰੰਤੂ ਐੱਸ ਐੱਚ ਓ ਨੇ ਇਸ ਉੱਪਰ ਕੋਈ ਵੀ ਬਣਦੀ ਕਾਰਵਾਈ ਨਹੀਂ ਕੀਤੀ।

ਮੌਕੇ 'ਤੇ ਪੁੱਜੇ ਡੀ ਐੱਸ ਪੀ ਦਵਿੰਦਰ ਖਹਿਰਾ ਨੇ ਕਿਹਾ ਕਿ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੋਈ, ਜੇਕਰ ਇਸ ਤਰ੍ਹਾਂ ਦੀ ਗੱਲ ਹੋਈ ਹੈ ਤਾਂ ਉਹ ਇਸ ਦੀ ਵਿਭਾਗੀ ਜਾਂਚ ਕਰਵਾਉਣਗੇ।

ਦੂਜੇ ਪਾਸੇ ਪੀੜਤ ਪਰਿਵਾਰ ਦੇ ਮੈਂਬਰਾਂ ਨੇ ਦੋਸ਼ ਲਗਾਇਆ ਕਿ ਇਸ ਕੇਸ ਵਿੱਚ ਨਾਮਜਦ ਸਕੂਲ ਮਹਿਲਾ ਟੀਚਰ ਦਾ ਦਿਓਰ ਦੇਸ਼ ਵਿੱਚੋਂ ਬਾਹਰ ਭੱਜ ਗਿਆ ਹੈ।ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਨੁਮਾਇੰਦਿਆਂ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇਕਰ ਪੁਲਸ 2 ਦਿਨਾਂ ਦੇ ਵਿੱਚ ਵਿੱਚ ਇਸ ਕੇਸ 'ਚ ਨਾਮਜਦ ਵਿਅਕਤੀਆਂ ਨੂੰ ਗ੍ਰਿਫਤਾਰ ਨਹੀਂ ਕਰਦੀ ਤਾਂ ਉਹ ਕਟਾਣੀ ਪੁਲਸ ਚੌਕੀ ਅੱਗੇ ਪੱਕਾ ਧਰਨਾ ਲਗਾ ਦੇਣਗੇ। ਪੀੜਤ ਪਰਿਵਾਰ ਨੇ ਮੰਗ ਕੀਤੀ ਕਿ ਉਸ ਨਾਲ ਬਿੱਲਕੁਲ ਵੀ ਇੰਨਸਾਫ ਨਹੀਂ ਹੋ ਰਿਹਾ, ਕਿਉਂਕਿ ਉਹ ਗਰੀਬ ਕਿਸਾਨ ਪਰਿਵਾਰ ਨਾਲ ਸੰਬੰਧ ਰੱਖਦੇ ਨੇ ਤੇ ਦੂਜੇ ਪਾਸੇ ਪੈਸੇ ਵਾਲੇ ਵਿਅਕਤੀ ਹਨ, ਜਿਸ ਕਰਕੇ ਪੁਲਸ ਪੈਸੇ ਤੇ ਸਿਆਸੀ ਦਬਾਅ ਹੇਠ ਉਨ੍ਹਾਂ ਨੂੰ ਗ੍ਰਿਫਤਾਰ ਨਹੀਂ ਕਰ ਰਹੀ।ਉਨ੍ਹਾਂ ਮੌਕੇ 'ਤੇ ਪੁੱਜੇ ਡੀ ਐੱਸ ਪੀ ਦਵਿੰਦਰ ਖਹਿਰਾ ਨੂੰ ਬੇਨਤੀ ਕੀਤੀ ਕਿ ਪੁਲਸ ਦੋਸ਼ੀਆਂ ਦੀ ਗ੍ਰਿਫਤਾਰੀ ਜਲਦ ਤੋਂ ਜਲਦ ਕਰੇ।

ਐੱਸ ਆਰ ਐੱਸ ਵਿੱਦਿਆਪੀਠ ਵਿਖੇ ਟ੍ਰੈਫਿਕ ਜਾਗਰੂਕਤਾ ਸੈਮੀਨਾਰ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)- ਭਾਰਤ ਸਰਕਾਰ ਵੱਲੋਂ ਲਾਗੂ ਕੀਤੇ ਗਏ ਨਵੇਂ ਨਿਯਮ ਸੰਬੰਧੀ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਸੰਬੰਧੀ ਜਾਗਰੂਕ ਕਰਨ ਲਈ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿਖੇ ਇੱਕ ਸੈਮੀਨਾਰ ਕੀਤਾ ਗਿਆ।ਇਹ ਸੈਮੀਨਾਰ ਟ੍ਰੈਫਿਕ ਇੰਚਾਰਜ ਸੁਖਵਿੰਦਰ ਸਿੰਘ ਭਾਨਗੀ, ਐੱਚ ਸੀ ਜਸਪਾਲ ਸਿੰਘ ਤੇ ਉਨ੍ਹਾਂ ਦੀ ਟੀਮ ਵੱਲੋਂ ਲਗਾਇਆ ਗਿਆ।ਇਸ ਸੈਮੀਨਾਰ ਵਿੱਚ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਭਾਰਤ ਸਰਕਾਰ ਵੱਲੋਂ ਲਾਗੂ ਕੀਤੇ ਨਵੇਂ ਨਿਯਮ ਸੰਬੰਧੀ ਜਾਣਕਾਰੀ ਦਿੱਤੀ ਅਤੇ ਵਿਦਿਆਰਥੀਆਂ ਨੂੰ ਆਪਣੀ ਸੁਰੱਖਿਆ ਦਾ ਧਿਆਨ ਰੱਖਦੇ ਹੋਏ ਵਾਹਨ ਨਾ ਚਲਾਉਣ ਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਕਿਹਾ ਗਿਆ।ਉਨ੍ਹਾਂ ਨਾਬਾਲਗ ਵਿਦਿਆਰਥੀਆਂ ਨੂੰ ਸਮਝਾਇਆ ਕਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨ 'ਤੇ ਨਾ ਸਿਰਫ ਉਨ੍ਹਾਂ ਨੂੰ ਬਲਕਿ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵੀ ਮੁਸੀਬਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਇਸ ਮੌਕੇ ਸਕੂਲ ਪ੍ਰਿੰਸੀਪਲ ਮਿਸ ਮਿਲੀ ਬੋਸ, ਚੇਅਰਮੈਨ ਅਮਿਤ ਸਿੰਗਲਾ ਤੇ ਸੈਕਟਰੀ ਲਲਿਤ ਸਿੰਗਲਾ ਨੇ ਵੀ ਭਾਰਤ ਸਰਕਾਰ ਵੱਲੋਂ ਚੁੱਕੇ ਇਸ ਕਦਮ ਵਿੱਚ ਉਨ੍ਹਾਂ ਦਾ ਸਾਥ ਦਿੰਦੇ ਹੋਏ ਹੋਏ ਸਾਰੇ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਦੀ ਪ੍ਰੇਰਣਾ ਦਿੱਤੀ ।

ਪਤਨੀ ਦਾ ਗਲਾ ਵੱਢ ਕੇ ਹਥਿਆਰ ਸਮੇਤ ਪੁਲਸ ਚੌਕੀ ਪੁੱਜਾ !

ਸਿਰਸਾ (ਸੁਰਿੰਦਰ ਪਾਲ ਸਿੰਘ)-ਸਿਰਸਾ ਜ਼ਿਲ੍ਹੇ ਦੇ ਪਿੰਡ ਰਾਮਪੁਰਾ ਬਿਸ਼ਨੋਈਆਂ ਵਿੱਚ ਰਣਜੀਤ ਉਰਫ ਬਬਲੂ ਡਰਾਇਵਰ ਰਾਤ ਨੂੰ ਅਪਣੀ ਪਤਨੀ ਦਾ ਗਲਾ ਵੱਢ ਕੇ ਖ਼ੂਨ ਨਾਲ ਲੱਥਪੱਥ ਹਥਿਆਰ ਲੈ ਕੇ ਪੁਲਸ ਚੌਕੀ ਪਹੁੰਚਿਆ ਤੇ ਆਤਮ ਸਮਰਪਣ ਕਰ ਦਿੱਤਾ ਅਤੇ ਕਿਹਾ ਕਿ ਉਹ ਆਪਣੀ ਪਤਨੀ ਦਾ ਕਤਲ ਕਰਕੇ ਆਇਆ ਹੈ। ਇਹ ਸੁਣ ਕੇ ਪੁਲਸ ਟੀਮ ਵਿਅਕਤੀ ਦੇ ਘਰ ਪਹੁੰਚੀ ਤੇ ਅੰਰਤ ਦੀ ਖ਼ੂਨ ਨਾਲ ਲੱਥਪੱਥ ਲਾਸ਼ ਇੱਥੇ ਪਈ ਸੀ।ਪੁਲਸ ਅਨੁਸਾਰ ਪਿੰਡ ਰਾਮਪੁਰਾ ਬਿਸ਼ਨੋਈਆਂ ਦਾ ਰਹਿਣ ਵਾਲਾ ਰਣਜੀਤ ਉਰਫ਼ ਬਬਲੂ ਡਰਾਈਵਰ ਨੇ ਨਵੀਂ ਗੱਡੀ ਖਰੀਦੀ ਸੀ।ਉਸ ਨੂੰ ਵਾਹਨ ਦੀ ਕਿਸ਼ਤ ਅਦਾ ਕਰਨ ਵਿੱਚ ਦਿੱਕਤ ਆ ਰਹੀ ਸੀ।ਇਸ ਗੱਲ ਨੂੰ ਲੈ ਕੇ ਡਰਾਇਵਰ ਰਣਜੀਤ ਤੇ ਉਸ ਦੀ ਪਤਨੀ ਮਮਤਾ ਦਰਮਿਆਨ ਤੂੰ-ਤੂੰ, ਮੈਂ-ਮੈਂ ਹੋਈ, ਜਦੋਂ ਮਮਤਾ ਨੇ ਰਣਜੀਤ ਨੂੰ ਕਿਸੇ ਆਰਥਿਕ ਪੰਗਾ ਲੈਣ ਤੋਂ ਰੋਕਿਆ ਤਾਂ ਉਹ ਗੁੱਸੇ 'ਚ ਆ ਗਿਆ ਤੇ ਉਸ ਨੇ ਘਰ 'ਚ ਰੱਖੀ ਲੋਹੇ ਦੀ ਰਾਡ ਚੁੱਕ ਕੇ ਮਮਤਾ ਦੇ ਸਿਰ ਤੇ ਗਰਦਨ 'ਤੇ ਮਾਰੀ ਅਤੇ ਗਲਾ ਕੱਟੇ ਜਾਣ ਕਾਰਨ ਮਮਤਾ ਦੀ ਮੌਤ ਹੋ ਗਈ।ਮ੍ਰਿਤਕ ਮਮਤਾ ਦੇ ਮਸੂਮ ਪੁੱਤਰਾਂ ਵਿੱਚੋਂ ਇੱਕ ਦੀ ਉਮਰ 12 ਸਾਲ ਤੇ ਦੂਜੇ ਦੀ ਉਮਰ 5 ਸਾਲ ਹੈ।ਪਰਵਾਰ ਦੇ ਸਿਆਣੇ ਕਹਿ ਰਹੇ ਹਨ ਕਿ ਰਣਜੀਤ ਨੇ ਗੱਡੀ ਦੀ ਕਿਸ਼ਤ ਨਾ ਮੁੜਨ ਦਾ ਗੁੱਸਾ ਮਮਤਾ 'ਤੇ ਲਾਹ ਕੇ ਆਪਣਾ ਘਰ ਸਦਾ ਲਈ ਬਰਬਾਦ ਕਰ ਲਿਆ ਹੈ। ਪੁਲਸ ਕਤਲ ਦਾ ਕੇਸ ਦਰਜ ਕਰਕੇ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਕੇ ਅਗਲੀ ਕਰਵਾਈ ਕਰ ਰਹੀ ਹੈ।

ਸਮਾਣਾ ਦੇ ਵਿਕਾਸ ਕਾਰਜਾਂ ਸੰਬੰਧੀ ਐੱਮ ਪੀ ਨੂੰ ਦਿੱਤਾ ਮੰਗ ਪੱਤਰ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਯੂਥ ਕਾਂਗਰਸ ਬਲਾਕ ਸਮਾਣਾ ਦੇ ਪ੍ਰਧਾਨ, ਸੀਨੀਅਰ ਸੀਨੀਅਰ ਕਾਂਗਰਸੀ ਆਗੂ ਮਨੂੰ ਸ਼ਰਮਾ, ਕੌਂਸਲਰ ਰਾਜ ਕੁਮਾਰ ਟਿੰਕਾ ਗਾਜੇਵਾਸ ਤੇ ਹੋਰ ਸੀਨੀਅਰ ਕਾਂਗਰਸੀ ਆਗੂਆ ਨੇ ਮੈਂਬਰ ਪਾਰਲੀਮੈਂਟ ਧਰਮਵੀਰ ਗਾਂਧੀ ਨੂੰ ਸਮਾਣਾ ਦੇ ਵਿਕਾਸ ਲਈ ਮੰਗ ਪੱਤਰ ਸੌਂਪਿਆ, ਜਿਸ ਵਿੱਚ ਵਿਸਥਾਰ ਸਹਿਤ ਦੱਸਿਆ ਗਿਆ ਕਿ ਸਮਾਣਾ ਤੇ ਕਿਹੜੇ ਕਿਹੜੇ ਕੰਮ ਅਧੂਰੇ ਹਨ, ਜਿਨ੍ਹਾਂ ਦੇ ਵਿਕਾਸ ਕਾਰਜਾਂ ਲਈ ਗਰਾਂਟ ਜਾਰੀ ਕੀਤੀ ਜਾਵੇ।ਮਨੂੰ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੋਕ ਸਭਾ ਦੀਆਂ ਇਲੈਕਸ਼ਨਾਂ ਸਮੇਂ ਡਾਕਟਰ ਧਰਮਵੀਰ ਗਾਂਧੀ ਨੂੰ ਸਮਾਣੇ ਦੀਆਂ ਵੱਖ-ਵੱਖ ਮੁਸ਼ਕਲਾਂ ਤੋਂ ਜਾਣੂ ਕਰਵਾਇਆ ਸੀ, ਜਿਨ੍ਹਾਂ ਨੇ ਭਰੋਸਾ ਦਿੱਤਾ ਸੀ ਕਿ ਮੈਂਬਰ ਪਾਰਲੀਮੈਂਟ ਦੀ ਚੋਣ ਜਿੱਤਣ ਉਪਰੰਤ ਉਹ ਸਮਾਣੇ ਦੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣਗੇ। ਡਾਕਟਰ ਗਾਂਧੀ ਨੇ ਕਿਹਾ ਕਿ ਜਿੰਨੇ ਵੀ ਸਮਾਣਾ ਦੇ ਅਧੂਰੇ ਵਿਕਾਸ ਕਾਰਜ ਹਨ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇਗਾ।ਮਨੂੰ ਸ਼ਰਮਾ ਨੇ ਕਿਹਾ ਕਿ ਅੱਜ ਮੰਗ ਪੱਤਰ ਦੇ ਕੇ ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ ਨੂੰ ਚੋਣਾਂ ਦੌਰਾਨ ਕੀਤੇ ਵਾਅਦੇ ਤੋਂ ਯਾਦ ਕਰਵਾਇਆ ਹੈ ਕਿ ਸਮਾਣੇ ਦੇ ਜੋ ਵਿਕਾਸ ਕਾਰਜ ਅਧੂਰੇ ਹਨ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਵਾਇਆ ਜਾਵੇ ਤਾਂ ਜੋ ਸਮਾਣਾ ਵਾਸੀਆਂ ਦੀ ਕਾਂਗਰਸ ਪਾਰਟੀ ਪ੍ਰਤੀ ਹੋਰ ਆਸਥਾ ਵਧੇ ਤੇ ਆਉਣ ਵਾਲੀਆਂ 2027 ਦੀਆਂ ਵਿਧਨ ਸਭਾ ਚੋਣਾਂ ਜਿੱਤ ਕੇ ਕਾਂਗਰਸ ਪਾਰਟੀ ਪੰਜਾਬ ਵਿੱਚ ਨਿਰੋਲ ਸਰਕਾਰ ਬਣਾਵੇ।

ਓ ਬੀ ਸੀ ਰਾਖਵਾਂਕਰਨ ਲਈ ਮੰਗ ਪੱਤਰ ਦੇਣ ਦਾ ਫੈਸਲਾ

ਕੋਟਕਪੂਰਾ (ਰਛਪਾਲ ਭੁੱਲਰ)-ਭਾਰਤੀ ਕਿਸਾਨ ਏਕਤਾ ਸੈਣ ਵੈੱਲਫੇਅਰ ਸਭਾ ਦੀ ਸੂਬਾ ਪੱਧਰੀ ਮੀਟਿੰਗ ਸੂਬਾ ਪ੍ਰਧਾਨ ਡਾ. ਪ੍ਰਗਟ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪੰਜਾਬ ਦੇ ਵੱਖ ਵੱਖ ਅਹੁਦੇਦਾਰਾਂ ਤੇ ਇਕਾਈਆਂ ਦੇ ਪ੍ਰਧਾਨਾਂ ਨੇ ਭਾਗ ਲਿਆ ।ਇਸ ਮੀਟਿੰਗ ਵਿੱਚ ਕਿਸਾਨਾਂ ਦੇ ਸਾਰੇ ਮੁੱਦਿਆਂ ਨੂੰ ਵਿਚਾਰਿਆ ਗਿਆ ਤੇ ਓ ਬੀ ਸੀ ਦਾ 27 ਫੀਸਦ ਰਾਖਵਾਂਕਰਨ ਲੋਕ ਸਭਾ, ਵਿਧਾਨ ਸਭਾ ਤੇ ਪੰਚਾਇਤੀ ਰਾਜ ਵਿੱਚ ਲਾਜ਼ਮੀ ਬਣਾਉਣ ਲਈ ਆਉਣ ਵਾਲੇ ਸਮੇਂ ਵਿੱਚ ਪ੍ਰਧਾਨ ਮੰਤਰੀ, ਮੁੱਖ ਮੰਤਰੀ ਦੇ ਨਾਮ 'ਤੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਡੀ ਸੀ ਸਾਹਿਬ ਨੂੰ ਮੰਗ ਪੱਤਰ ਦਿੱਤੇ ਜਾਣ ਲਈ ਵਿਚਾਰਿਆ ਗਿਆ।ਇਸ ਤੋਂ ਇਲਾਵਾ ਗਰੀਬ ਬੱਚਿਆਂ ਨੂੰ ਸਕੂਲ ਦੀਆਂ ਵਰਦੀਆਂ, ਕਿਤਾਬਾਂ ਵੰਡਣ ਤੇ ਗਰੀਬ ਪਰਿਵਾਰ ਦੀਆਂ ਲੜਕੀਆਂ ਦੇ ਵਿਆਹਾਂ ਲਈ ਵਿੱਤੀ ਸਹਾਇਤਾ ਦੇਣ ਲਈ ਫੈਸਲਾ ਕੀਤਾ ਗਿਆ। ਇਸ ਸਮੇਂ ਡਾ. ਪ੍ਰਗਟ ਸਿੰਘ ਸੂਬਾ ਪ੍ਰਧਾਨ ਧੀਰਾ ਪੱਤਰਾ, ਮੀਤ ਪ੍ਰਧਾਨ ਨੀਲਾ ਸਿੰਘ ਜਰਨਲ ਸਕੱਤਰ ਬੂਟਾ ਸਿੰਘ, ਕੁਲਵੰਤ ਸਿੰਘ ਖਜ਼ਾਨਚੀ, ਪੰਜਾਬ ਏਕਾਈ ਨਿਰਮਲ ਸਿੰਘ, ਇਕਾਈ ਪ੍ਰਧਾਨ ਬਲਵਿੰਦਰ ਸਿੰਘ, ਗੁਰਮੇਲ ਸਿੰਘ ਇਕਾਈ ਪ੍ਰਧਾਨ, ਡਾ. ਹਰਭਜਨ ਇਕਾਈ ਪ੍ਰਧਾਨ ਧੂੜ ਕੋਟ, ਦਰਸ਼ਨ ਸਿੰਘ ਜਰਨਲ ਸਲਾਹਕਾਰ ਮੱਲਣ, ਰਾਜਵੀਰ ਸਿੰਘ, ਬਲਦੇਵ ਸਿੰਘ, ਸੁਖਦੇਵ ਸਿੰਘ, ਕੁਲਵੰਤ ਸਿੰਘ, ਦਰਸ਼ਨ ਸਿੰਘ, ਪਰਮਜੀਤ ਸਿੰਘ, ਬਿੰਦਰ ਸਿੰਘ ਮੱਤਾ ਤੋਂ ਇਲਾਵਾ ਹੋਰ ਵੀ ਅਹੁਦੇਦਾਰ ਹਾਜ਼ਰ ਸਨ।

ਜਾਗਰਣ ਮੌਕੇ ਏਸ਼ੀਆ ਗਲੋਬਲ ਦੇ ਐੱਮ ਡੀ ਕਾਂਸਲ ਦਾ ਸਨਮਾਨ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸ੍ਰੀ ਨੈਣਾ ਦੇਵੀ ਬੱਸ ਯਾਤਰਾ ਸੇਵਾ ਦਲ, ਪੈਦਲ ਯਾਤਰਾ ਸਮਾਣਾ ਵੱਲੋਂ ਅਗਰਵਾਲ ਧਰਮਸ਼ਾਲਾ ਵਿਖੇ ਕਰਵਾਏ ਗਏ ਜਾਗਰਣ ਮੌਕੇ ਪੰਚਕੂਲਾ ਤੋਂ ਏਸ਼ੀਆ ਗਲੋਬਲ ਦੇ ਐੱਮ ਡੀ ਅਰਵਿੰਦ ਕਾਂਸਲ ਨੇ ਆਪਣੇ ਪਰਿਵਾਰ ਸਮੇਤ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਅਤੇ ਮਾਤਾ ਜੀ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ।ਇਸ ਮੌਕੇ ਸੰਸਥਾ ਦੇ ਮੈਂਬਰ ਰਾਕੇਸ਼ ਬਾਂਸਲ, ਨਿਤਿਨ ਕੁਮਾਰ, ਰਮਨ ਬਾਂਸਲ, ਸੰਜੀਵ ਕੁਮਾਰ, ਹਰੀ ਬਾਂਸਲ ਤੇ ਮਨੀਸ਼ ਕੁਮਾਰ ਆਦਿ ਵੱਲੋਂ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਅਰਵਿੰਦ ਕਾਂਸਲ ਵੱਲੋਂ ਆਪਣੀ ਨੇਕ ਕਮਾਈ ਵਿੱਚੋਂ 21000 ਰੁਪਏ ਦੀ ਰਾਸ਼ੀ ਸੰਸਥਾ ਨੂੰ ਭੇਟ ਕੀਤੀ ਗਈ ਅਤੇ ਨਾਲ ਹੀ ਉਨ੍ਹਾਂ ਵੱਲੋਂ ਫ੍ਰੀ ਆਈਲਟਸ ਅਤੇ ਪੀ ਟੀ ਈ ਆਨਲਾਈਨ ਕਲਾਸਾਂ ਦੇਣ ਦਾ ਐਲਾਨ ਵੀ ਕੀਤਾ ਗਿਆ।

ਸੰਧਵਾਂ ਨੇ ਨਿਰੋਗ ਬਾਲ ਆਸ਼ਰਮ 'ਚ ਲਗਾਏ ਪੌਦੇ

ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)-ਸਪੀਕਰ ਪੰਜਾਬ ਵਿਧਾਨ ਸਭਾ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਨਿਰੋਲ ਬਾਗ ਕੋਟਕਪੂਰਾ ਵਿਖੇ 'ਮੈਂ ਤੇ ਮੇਰਾ ਰੁੱਖ' ਮੁਹਿੰਮ ਤਹਿਤ ਪੌਦੇ ਲਗਾ ਕੇ ਵਾਤਾਵਰਣ ਨੂੰ ਬਚਾਉਣ ਦਾ ਸੁਨੇਹਾ ਦਿੱਤਾ ਤੇ ਕਿਹਾ ਕਿ ਇਹ ਪੌਦੇ ਵੱਡੇ ਹੋ ਕੇ ਰੁੱਖ ਦਾ ਰੂਪ ਧਾਰ ਕੇ ਜਿੱਥੇ ਸਾਰਿਆਂ ਨੂੰ ਸੰਘਣੀ ਛਾਂ ਦੇਣਗੇ, ਉੱਥੇ ਆਕਸੀਜਨ ਦੀ ਘਾਟ ਨੂੰ ਵੀ ਪੂਰਾ ਕਰਨਗੇ।ਉਨ੍ਹਾ ਕਿਹਾ ਕਿ ਵੱਧ ਰਹੇ ਉਦਯੋਗਾਂ, ਕਾਰਖਾਨਿਆਂ ਤੇ ਗੱਡੀਆਂ ਦੀ ਬਹੁਤਾਤ ਕਾਰਨ ਧਰਤੀ 'ਤੇ ਤਾਪਮਾਨ 48 ਡਿਗਰੀ ਤੱਕ ਪਹੁੰਚ ਜਾਂਦਾ ਹੈ।ਉਨ੍ਹਾਂ ਖਦਸ਼ਾ ਜ਼ਾਹਰ ਕਰਦਿਆਂ ਕਿਹਾ ਕਿ ਆਉਣ ਵਾਲੇ ਕੁਝ ਸਾਲਾਂ ਵਿੱਚ ਪਾਰਾ 50 ਤੋਂ 52 ਡਿਗਰੀ ਤੱਕ ਪਹੁੰਚ ਸਕਦਾ ਹੈ, ਜੋ ਧਰਤੀ 'ਤੇ ਰਹਿਣ ਵਾਲੇ ਬਸ਼ਿੰਦਿਆਂ ਤੋਂ ਇਲਾਵਾ ਬੇਜ਼ੁਬਾਨ ਜੀਵਾਂ ਤੇ ਪੰਛੀਆਂ ਲਈ ਵੀ ਘਾਤਕ ਸਾਬਿਤ ਹੋ ਸਕਦਾ ਹੈ।ਉਨ੍ਹਾਂ ਰੁੱਖ ਲਗਾਉਣ ਨੂੰ ਵੱਧ ਰਹੇ ਤਾਪਮਾਨ ਨੂੰ ਠੱਲ੍ਹ ਪਾਉਣ ਦਾ ਇੱਕੋ ਇੱਕ ਤਰੀਕਾ ਦੱਸਿਆ ਤੇ ਪੁਰਜ਼ੋਰ ਅਪੀਲ ਕੀਤੀ ਕਿ ਹਰ ਇੱਕ ਮਨੁੱਖ ਨੂੰ ਵਾਤਾਵਰਨ ਪ੍ਰਤੀ ਆਪਣਾ ਫਰਜ਼ ਸਮਝਦੇ ਹੋਏ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਤਾਂ ਜੋ ਆਲੇ ਦੁਆਲੇ ਦੀ ਸੰਭਾਲ ਕੀਤੀ ਜਾ ਸਕੇ।ਇਸ ਮੌਕੇ ਨਿਰੋਗ ਬਾਲ ਆਸ਼ਰਮ ਦੇ ਪ੍ਰਬੰਧਕ ਸਤਪਾਲ ਅਰੋੜਾ, ਜੁਆਇੰਟ ਸੈਕਟਰੀ ਐਡਵੋਕੇਟ ਸਚਿਨ ਕੁਮਾਰ, ਮੈਂਬਰ ਹਰਸ਼ ਅਰੋੜਾ, ਨਵਨੀਤ ਕੱਕੜ, ਓਮ ਪ੍ਰਕਾਸ਼ ਗੋਇਲ, ਕਮਲ ਗਰਗ, ਸ਼ੀਤਲ ਗੋਇਲ,

30-JULY-PAGE-3-Majha-2024.qxd 7/29/2024 10:59 PM Page 1

ਡੇਰਾ ਬਾਬਾ ਨਾਨਕ ਦੀ ਜ਼ਿਮਨੀ ਚੋਣ 'ਚ ਆਪ ਦੀ ਹੋਵੇਗੀ ਇਤਿਹਾਸਕ ਜਿੱਤ: ਸ਼ੈਰੀ ਕਲਸੀ

ਕਲਾਨੌਰ (ਮਨਦੀਪ ਕੋਹਲੀ)-ਪੰਜਾਬ ਦੀਆਂ ਜ਼ਿਮਨੀ ਚੋਣਾਂ ਨੂੰ ਲੈ ਕੇ ਸਾਰੀਆਂ ਪਾਰਟੀਆਂ ਆਪਣੀ ਆਪਣੀ ਜਿੱਤ ਦੇ ਦਾਅਵੇ ਕਰ ਰਹੀਆਂ ਹਨ। ਜੇ ਗੱਲ ਕਰੀਏ ਤਾਂ ਡੇਰਾ ਬਾਬਾ ਨਾਨਕ ਦੀ ਜ਼ਿਮਨੀ ਚੋਣ ਨੂੰ ਲੈ ਕੇ ਵੀ ਸਾਰੀਆਂ ਪਾਰਟੀਆਂ ਪੱਬਾਂ ਭਾਰ ਹੋ ਰਹੀਆਂ ਹਨ। ਡੇਰਾ ਬਾਬਾ ਨਾਨਕ ਦੀ ਸੀਟ ਇਸ ਲਈ ਵੀ ਖਾਸ ਹੋ ਜਾਂਦੀ ਹੈ ਕਿ ਇਸ ਸੀਟ ਤੋਂ ਕਾਂਗਰਸ ਦੇ ਲਗਾਤਾਰ ਜਿੱਤ ਦੇ ਆ ਰਹੇ ਸੁਖਜਿੰਦਰ ਸਿੰਘ ਰੰਧਾਵਾ ਸਾਬਕਾ ਉਪ ਮੁੱਖ ਮੰਤਰੀ ਪੰਜਾਬ ਵੀ ਰਹਿ ਚੁੱਕੇ ਹਨ, ਅਤੇ ਹੁਣ ਰੰਧਾਵਾ ਵੱਲੋਂ ਲੋਕ ਸਭਾ ਦੀ ਚੋਣ ਜਿੱਤਣ ਮਗਰੋਂ ਇਹ ਸੀਟ ਖਾਲੀ ਹੋ ਗਈ ਹੈ, ਇਸੇ ਸੰਬੰਧ ਵਿੱਚ ਬਟਾਲਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਨੇ ਆਮ ਆਦਮੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਨਾਲ ਮੀਟਿੰਗ ਕੀਤੀ ਅਤੇ ਉਨ੍ਹਾਂ ਨੇ ਕਿਹਾ ਕਿ ਡੇਰਾ ਬਾਬਾ ਨਾਨਕ ਦੀ ਸੀਟ ਵੀ ਜਲੰਧਰ ਵੈਸਟ ਦੀ ਤਰਜ਼ ਤੇ ਹੀ ਇੱਕ ਤਰਫਾ ਜਿੱਤੀ ਜਾਵੇਗੀ।

ਜ਼ਿਮਨੀ ਚੋਣਾਂ ਨੂੰ ਲੈ ਕੇ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਹਲਕਾ ਡੇਰਾ ਬਾਬਾ ਨਾਨਕ ਵਿੱਚ ਆਮ ਆਦਮੀ ਪਾਰਟੀ ਦੇ ਆਗੂਆਂ, ਵਰਕਰਾਂ ਅਤੇ ਵਲੰਟੀਅਰਜ਼ ਨਾਲ ਮੀਟਿੰਗਾਂ ਤੇਜ਼ ਕਰ ਦਿੱਤੀਆਂ ਹਨ ਅਤੇ ਉਨ੍ਹਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ।

ਉਨ੍ਹਾਂ ਨੇ ਕਿਹਾ ਕਿ ਪਾਰਟੀ ਵੱਲੋਂ ਡੇਰਾ ਬਾਬਾ ਨਾਨਕ ਜ਼ਿਮਨੀ ਚੋਣ ਲਈ ਜਿਸ ਉਮੀਦਵਾਰ ਦੇ ਨਾਮ ਦਾ ਐਲਾਨ ਕੀਤਾ ਜਾਵੇਗਾ ਸਾਰੀ ਪਾਰਟੀ ਉਸਦੇ ਨਾਲ ਮੈਦਾਨ ਵਿੱਚ ਉਤਰੇਗੀ, ਉਸਦਾ ਭਰਪੂਰ ਸਾਥ ਦੇਵੇਗੀ ਅਤੇ ਡੇਰਾ ਬਾਬਾ ਨਾਨਕ ਦੀ ਸੀਟ ਜਿੱਤ ਕੇ ਆਮ ਆਦਮੀ ਪਾਰਟੀ ਦੀ ਝੋਲੀ ਵਿੱਚ ਪਾਵੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਆਪ ਦੇ ਯੂਥ ਆਗੂ ਮਹਿਕਪ੍ਰੀਤ ਸਿੰਘ ਬਾਜਵਾ, ਅਮਰਪ੍ਰੀਤ ਸਿੰਘ ਪਵਾਰ, ਤੇਜ ਵੀਰ ਸਿੰਘ ਗਰਾਇਆ, ਗੁਰਲਾਲ ਕਾਹਲੋਂ, ਕੰਵਰਪਾਲ ਸਿੰਘ ਗੁਰਾਇਆ, ਰਿੰਕੂ ਸ਼ਾਹਪੁਰ, ਅਮਰਪ੍ਰੀਤ ਸਿੰਘ ਭੰਗੂ, ਪ੍ਰਿੰਸ ਢਿੱਲੋਂ, ਲਵਲੀ ਪਕੀਵਾਂ, ਗਗਨ ਪੀਏ ਅਤੇ ਪ੍ਰੀਤ ਕਲਾਨੌਰ ਆਦਿ ਵੀ ਹਾਜ਼ਰ ਸਨ।

ਪਾਵਰ ਮੈਨੇਜਮੈਂਟ ਦੇ ਅੜੀਅਲ ਰਵੱਈਏ ਖਿਲਾਫ਼ ਬਿਜਲੀ ਕਾਮਿਆਂ ਵੱਲੋਂ ਰੋਸ ਰੈਲੀ

ਮੰਗਾਂ ਦਾ ਨਿਪਟਾਰਾ ਨਾ ਹੋਣ ਦੀ ਸੂਰਤ 'ਚ ਦਿੱਤੀ ਤਿੱਖੇ ਸੰਘਰਸ਼ ਦੀ ਚਿਤਾਵਨੀ

ਤਰਨ ਤਾਰਨ (ਨ ਜ਼ ਸ)-ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵੱਲੋ ਬਿਜਲੀ ਕਾਮਿਆਂ ਦੀਆਂ ਮੰਗਾਂ ਨੂੰ ਵੱਟੇ ਖਾਤੇ ਪਾਉਣ ਦੇ ਖਿਲਾਫ਼ ਪਾਵਰਕਾਮ ਅਦਾਰੇ ਦੇ ਸਥਾਨਕ ਸਰਕਲ ਦਫਤਰ ਦੇ ਮੇਨ ਗੇਟ ਤੇ ਵੱਡੀ ਗਿਣਤੀ ਵਿੱਚ ਬਿਜਲੀ ਕਰਮਚਾਰੀਆਂ ਨੇ ਪੀਐੱਸਈਬੀ ਇੰਪਲਾਈਜ਼ ਜੁਆਇੰਟ ਫੋਰਮ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਸੂਬਾ ਪੱਧਰੀ ਸੱਦੇ 'ਤੇ ਮੇਜਰ ਸਿੰਘ ਮੱਲ੍ਹੀਆਂ ਦੀ ਅਗਵਾਈ ਹੇਠ ਰੋਹ ਭਰਪੂਰ ਰੋਸ ਰੈਲੀ ਕੀਤੀ ।ਇਸ ਮੌਕੇ ਇਕੱਤਰ ਹੋਏ ਬਿਜਲੀ ਕਾਮਿਆਂ ਨੂੰ ਸੰਬੋਧਨ ਕਰਦਿਆਂ ਫੈਡਰੇਸ਼ਨ ਏਟਕ ਦੇ ਸੂਬਾ ਪ੍ਰਧਾਨ ਅਤੇ ਏਕਤਾ ਮੰਚ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਇੰਪਲਾਈਜ਼ ਫੈਡਰੇਸ਼ਨ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਭੇਜ ਸਿੰਘ ਢਿੱਲੋਂ ਨੇ ਕਿਹਾ ਕਿ ਪਾਵਰ ਮੈਨੇਜਮੈਂਟ ਨੇ ਕਾਫੀ ਅਰਸੇ ਤੋਂ ਅੜੀਅਲ ਰਵੱਈਆ ਅਪਣਾਇਆ ਹੋਇਆ ਹੈ ਅਤੇ ਬਿਜਲੀ ਕਾਮਿਆਂ ਦੀਆਂ ਬਹੁਤ ਹੀ ਵਾਜਿਬ ਅਤੇ ਚਿਰਾਂ ਤੋਂ ਲਮਕਾਅ ਅਵਸਥਾ ਵਿੱਚ ਪਈਆਂ ਮੰਗਾਂ ਦਾ ਨਿਪਟਾਰਾ ਨਹੀਂ ਕੀਤਾ ਜਾ ਰਿਹਾ ।ਉਨ੍ਹਾਂ ਕਿਹਾ ਕਿ ਇਕ ਸਾਲ ਪਹਿਲਾਂ ਬਿਜਲੀ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਮੈਨੇਜਮੈਂਟ ਵੱਲੋ ਮੰਨੀਆਂ ਹੋਈਆਂ ਮੰਗਾਂ ਨੂੰ ਵੀ ਲਾਗੂ ਕਰਨ ਤੋਂ ਲਗਾਤਾਰ ਟਾਲ ਮਟੋਲ ਕੀਤਾ ਜਾ ਰਿਹ ਹੈ ਅਤੇ ਵਾਰ-ਵਾਰ ਮੀਟਿੰਗਾਂ ਤਹਿ ਕਰਕੇ ਮੁਲਤਵੀ ਕੀਤੀਆਂ ਜਾ ਰਹੀਆਂ ਹਨ।ਆਗੂਆਂ ਨੇ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਮੰਗਾਂ ਦੇ ਨਿਪਟਾਰੇ ਸਬੰਧੀ 31 ਜੁਲਾਈ ਨੂੰ ਸਾਂਝਾ ਫੋਰਮ ਅਤੇ ਏਕਤਾ ਮੰਚ ਦੀ ਲੀਡਰਸ਼ਿਪ ਨਾਲ ਬਿਜਲੀ ਮੰਤਰੀ ਦੀ ਪ੍ਰਧਾਨਗੀ ਹੇਠ ਚੰਡੀਗੜ੍ਹ ਵਿੱਚ ਤਹਿ ਕੀਤੀ ਗਈ ਮੀਟਿੰਗ ਪਹਿਲਾਂ ਦੀ ਤਰ੍ਹਾਂ ਮੁਲਤਵੀ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਅਗਸਤ ਦੇ ਪਹਿਲੇ ਹਫਤੇ ਤੋਂ ਤਿੱਖਾ ਅਤੇ ਸਿਰੜੀ ਸੰਘਰਸ਼ ਸ਼ੁਰੂ ਕਰ ਦਿੱਤਾ ਜਾਵੇਗਾ ਜੋ ਮੰਗਾਂ ਦੀ ਪ੍ਰਾਪਤੀ ਤੱਕ ਜਾਰੀ ਰਹੇਗਾ।ਆਗੂਆਂ ਨੇ ਅਦਾਰੇ ਵਿੱਚ ਹਜ਼ਾਰਾਂ ਖਾਲੀ ਅਸਾਮੀਆਂ ਤੇ ਨਵੀਂ ਰੈਗੂਲਰ ਭਰਤੀ ਕਰਨ ਅਤੇ ਡਿਊਟੀ ਕਰਦਿਆਂ ਕਰੰਟ ਲੱਗ ਜਾਣ ਕਰਕੇ ਜਾਨਾਂ ਗਵਾਉਣਾ ਵਾਲੇ ਕਾਮਿਆਂ ਨੂੰ ਸ਼ਹੀਦ ਦਾ ਦਰਜਾ ਦੇਣ ਅਤੇ ਸੁਰੱਖਿਆ ਫੋਰਸਾਂ ਦੇ ਜਵਾਨਾਂ ਦੀ ਤਰਜ਼ 'ਤੇ ਇਕ ਕਰੋੜ ਦੀ ਰਾਸ਼ੀ ਪੀੜਤ ਪਰਿਵਾਰਾਂ ਨੂੰ ਦੇਣ ਦੀ ਜ਼ੋਰਦਾਰ ਮੰਗ ਕੀਤੀ।

ਪੰਜਾਬ 'ਚ ਉਚੇਰੀ ਸਿੱਖਿਆ ਦੇ ਬਦਲਦੇ ਮੁਹਾਂਦਰੇ ਨੂੰ ਪੇਸ਼ ਚੁਣੌਤੀਆਂ ਤੇ ਸੰਭਾਵਨਾਵਾਂ 'ਤੇ ਵਰਕਸ਼ਾਪ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਉਚੇਰੀ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਨੇ ਸਿੱਖਿਆ ਮਾਹਰਾਂ ਨੂੰ ਉਚੇਰੀ ਸਿੱਖਿਆ ਕਿੱਤਾ-ਮੁਖੀ ਸਿੱਖਿਆ ਵਿੱਚ ਬਦਲਣਾ ਦਾ ਸੁਝਾਅ ਦਿੰਦਿਆਂ ਕਿਹਾ ਕਿ ਸਿੱਖਿਆ ਸਾਡੇ ਨੌਜਵਾਨਾਂ ਦੇ ਉਦਮੀ ਅਤੇ ਹੁਨਰਮੰਦ ਬਣਨ ਵੱਲ ਕੇਂਦਰਿਤ ਹੋਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਸਾਡੀ ਜਵਾਨੀ ਦਾ ਝੁਕਾਅ ਵਿਦੇਸ਼ਾਂ ਦੀ ਧਰਤੀ ਵੱਲ ਹੈ ਅਤੇ ਜੇਕਰ ਇਨ੍ਹਾਂ ਨੂੰ ਸਿੱਖਿਆ ਹੁਨਰਮੰਦ ਕਰਦੀ ਹੋਵੇ ਤਾਂ ਇਹ ਵਿਦੇਸ਼ ਵਿੱਚ ਵੀ ਆਸਾਨੀ ਨਾਲ ਸਥਾਪਿਤ ਹੋ ਸਕਦੇ ਹਨ।ਉਨ੍ਹਾਂ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਢਾਈ ਸਾਲਾਂ ਦੇ ਅਰਸੇ ਦੌਰਾਨ ਲੋਕ ਨਿੱਜੀ ਸਕੂਲਾਂ ਨਾਲੋਂ ਸਰਕਾਰੀ ਸਕੂਲਾਂ ਨੂੰ ਵੱਧ ਤਰਜੀਹ ਦੇਣ ਲੱਗੇ ਹਨ।ਇਸ ਤੋਂ ਇਲਾਵਾ ਉਚ ਸਿੱਖਿਆ ਸੰਸਥਾਵਾਂ ਵਿੱਚ ਬੱਚਿਆਂ ਦੇ ਦਾਖਲੇ 200 ਫੀਸਦੀ ਤੱਕ ਵਧੇ ਹਨ, ਜੋ ਕਿ ਚੰਗਾ ਰੁਝਾਨ ਹੈ, ਪਰ ਇਸ ਵਰਤਾਰੇ ਨੂੰ ਰੋਜ਼ਗਾਰ ਵਿੱਚ ਬਦਲਣ ਲਈ ਜਰੂਰੀ ਹੈ ਕਿ ਉਚ ਸਿੱਖਿਆ ਨੂੰ ਹੁਨਰਮੰਦ ਬਣਾਇਆ ਜਾਵੇ।ਉਨ੍ਹਾਂ ਸਕੂਲ ਆਫ ਐਮੀਨੈਂਸ ਅਤੇ ਸਰਕਾਰੀ ਸਕੂਲਾਂ ਦੀ ਬਦਲਦੀ ਤਸਵੀਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਸਰਕਾਰੀ ਸਕੂਲਾਂ ਦਾ ਕਾਇਆ ਕਲਪ ਹੋਇਆ ਹੈ, ਉਸ ਤਰ੍ਹਾਂ ਦੀ ਤਬਦੀਲੀ ਉਚ ਸਿੱਖਿਆ ਦੇ ਵਿਸ਼ਿਆਂ ਨੂੰ ਲੈ ਕੇ ਵੀ ਕੀਤੀ ਜਾਣੀ ਚਾਹੀਦੀ ਹੈ ।ਇਸ ਮੌਕੇ ਪੰਜਾਬ ਭਰ ਤੋਂ ਆਏ ਸਿੱਖਿਆ ਸ਼ਾਸਤਰੀਆਂ ਨੇ ਪੰਜਾਬ ਸਰਕਾਰ ਵੱਲੋਂ ਇਸ ਵਿਸ਼ੇ ਉਤੇ ਤੋਰੀ ਗਈ ਚਰਚਾ ਦੀ ਸਿਫਤ ਕਰਦਿਆਂ ਕਿਹਾ ਕਿ ਅੱਜ ਜੇ ਇਸ ਮੰਚ ਤੋਂ ਕੋਈ ਵਿਚਾਰ ਚਰਚਾ ਸ਼ੁਰੂ ਹੋਈ ਹੈ ਤਾਂ ਇਸ ਦੇ ਚੰਗੇ ਨਤੀਜੇ ਭਵਿੱਖ ਵਿੱਚ ਮਿਲਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੈਕਟਰੀ ਸਿੱਖਿਆ ਕਮਲ ਕਿਸ਼ੋਰ ਯਾਦਵ, ਡਾਇਰੈਕਟਰ ਹਾਇਰ ਐਜੂਕੇਸ਼ਨ ਅੰਮ੍ਰਿਤ ਸਿੰਘ, ਉਪ ਕੁਲਪਤੀ ਡਾਕਟਰ ਜਸਪਾਲ ਸਿੰਘ, ਚੰਡੀਗੜ੍ਹ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਨਦੀਪ ਸਿੰਘ, ਚਿਤਕਾਰਾ ਯੂਨੀਵਰਸਿਟੀ ਦੇ ਪ੍ਰੋ ਚਾਂਸਲਰ ਮਧੂ ਚਿਤਕਾਰਾ, ਆਈ. ਆਈ. ਐੱਮ. ਅੰਮ੍ਰਿਤਸਰ ਦੇ ਡਾਇਰੈਕਟਰ ਡਾ. ਨਾਗਅਰਜਨ ਰਾਮਾਮੂਰਥੀ, ਐੱਲਪੀਯੂ ਦੇ ਵਾਈਸ ਚਾਂਸਲਰ ਡਾ. ਸੰਜੇ ਮੋਦੀ, ਡਿਪਟੀ ਡਾਇਰੈਕਟਰ ਹਾਇਰ ਐਜੂਕੇਸ਼ਨ ਡਾ. ਅਸ਼ਵਨੀ ਭੱਲਾ, ਡਾ. ਧਰਮਿੰਦਰ ਸਿੰਘ ਉਭਾ,ਡਾ. ਸੁਰਿੰਦਰ ਕੌਰ, ਡਾ. ਮਹਿਲ ਸਿੰਘ, ਡਾ. ਨਰਿੰਦਰ ਸਿੰਘ, ਪ੍ਰੋਫੈਸਰ ਅਜੇ ਸਰੀਨ, ਡਾ. ਕਸ਼ਮੀਰ ਸਿੰਘ, ਡਾ. ਪ੍ਰਗਟ ਸਿੰਘ ਗਰਚਾ, ਡਾ. ਆਰ. ਕੇ. ਤੁਲੀ ਡਾ.ਸੰਗੀਤਾ, ਡਾ. ਜਸਵੀਰ ਸਿੰਘ, ਡਾ.ਜਸਪਾਲ ਸਿੰਘ,ਡਾ. ਨੀਰੂ ਗਰਗ,ਡਾ. ਸੁਕਸ਼ਮ ਆਹਲੂਵਾਲੀਆ, ਸੁਮਨ ਲਤਾ ਅਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ।

ਡੀ ਐੱਸ ਪੀ ਢਿੱਲੋਂ ਤੇ ਕਰਨਬੀਰ ਸਿੰਘ ਬੁਰਜ ਨੇ ਸਪੋਰਟਸ ਕਲੱਬ ਝਬਾਲ ਨੂੰ ਦਿੱਤੇ 21-21 ਹਜ਼ਾਰ ਰੁਪਏ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਸ. ਸੁਰਮੁੱਖ ਸਿੰਘ ਝਬਾਲ ਖੇਡ ਕਲੱਬ ਦੇ ਨੌਜਵਾਨਾਂ ਵੱਲੋਂ ਖੇਡ ਸਟੇਡੀਅਮ ਝਬਾਲ ਵਿਖੇ ਕਰਵਾਇਆ ਛੇਵਾਂ ਕ੍ਰਿਕਟ ਟੂਰਨਾਮੈਂਟ ਜਿਸ ਵਿੱਚ ਵੱਖ ਵੱਖ ਰਾਜਾਂ ਤੋਂ ਅੱਠ ਟੀਮਾਂ ਨੇ ਹਿੱਸਾ ਲਿਆ।ਇਸ ਸਮੇਂ ਫਾਈਨਲ ਮੈਚ ਸਪਾਰ ਕਲੱਬ ਯੂਪੀ ਅਤੇ ਸਾਈਂ ਕਲੱਬ ਹੁਸ਼ਿਆਰਪੁਰ ਵਿਚਕਾਰ ਹੋਇਆ ਜਿਸ ਵਿੱਚ ਸਪਾਰ ਕਲੱਬ ਯੂਪੀ ਦੀ ਟੀਮ ਪਹਿਲੇ ਅਤੇ ਸਾਈਂ ਕਲੱਬ ਹੁਸ਼ਿਆਰਪੁਰ ਦੀ ਟੀਮ ਦੂਸਰੇ ਨੰਬਰ 'ਤੇ ਰਹੀ।ਇਸ ਸਮੇਂ ਜੇਤੂ ਖਿਡਾਰੀਆਂ ਨੂੰ ਇਨਾਮ ਤਕਸੀਮ ਮੁੱਖ ਮਹਿਮਾਨ ਕਾਂਗਰਸ ਪਾਰਟੀ ਦੇ ਜ਼ਿਲਾ ਸੀ. ਮੀਤ ਪ੍ਰਧਾਨ ਕਰਨਬੀਰ ਸਿੰਘ ਬੁਰਜ, ਡੀ. ਐੱਸ. ਪੀ. ਜਸਪਾਲ ਸਿੰਘ ਢਿੱਲੋਂ, ਇੰਸਪੈਕਟਰ ਪਰਮਜੀਤ ਸਿੰਘ ਵਿਰਦੀ ਅਤੇ ਕਾਂਗਰਸ ਕਿਸਾਨ ਸੈੱਲ ਪੰਜਾਬ ਪ੍ਰਧਾਨ ਮਿੱਠਾ ਮਾੜੀਮੇਘਾ ਨੇ ਕੀਤੇ।ਇਸ ਸਮੇਂ ਕਲੱਬ ਮੈਂਬਰਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਡੀ. ਐੱਸ. ਪੀ. ਜਸਪਾਲ ਸਿੰਘ ਢਿੱਲੋਂ ਅਤੇ ਕਰਨਬੀਰ ਸਿੰਘ ਬੁਰਜ ਨੇ ਆਪਣੇ ਜੇਬ ਵਿੱਚੋਂ 21-21 ਹਜ਼ਾਰ ਰਪੁਏ ਦਿੰਦਿਆਂ ਕਿਹਾ ਕਿ ਨੌਜਵਾਨਾਂ ਨੂੰ ਇਹੋ ਜਿਹੇ ਨੇਕ ਕੰਮਾਂ ਲਈ ਅੱਗੇ ਆ ਕੇ ਸਮਾਜ ਭਲਾਈ ਦੇ ਕੰਮ ਕਰਨੇ ਚਾਹੀਦੇ ਹਨ।ਇਸ ਸਮੇਂ ਇਨਾਮ ਵੰਡ ਸਮਾਗਮ ਵਿੱਚ ਮੁੱਖ ਤੌਰ 'ਤੇ ਸਰਪੰਚ ਨਰਿੰਦਰ ਪੱਪਾ, ਸਾਬਕਾ ਸਰਪੰਚ ਪਰੀਤਇੰਦਰ ਸਿੰਘ ਝਬਾਲ, ਕਾਂਗਰਸੀ ਆਗੂ ਵਿਕਰਮ ਸਿੰਘ ਢਿੱਲੋਂ ਝਬਾਲ, ਸਤਿੰਦਰ ਸਿੰਘ ਢਿੱਲੋਂ, ਕਾਮਰੇਡ ਦਵਿੰਦਰ ਸੋਹਲ, ਪੱਤਰਕਾਰ ਤੇਜਿੰਦਰ ਸਿੰਘ ਬੱਬੂ, ਸਰਪੰਚ ਜਗਤਾਰ ਸਿੰਘ ਸਵਰਗਾਪੁਰੀ, ਹਰਮਨ ਸਿੰਘ ਝਬਾਲ, ਮੈਂਬਰ ਹਰਭਿੰਦਰ ਸਿੰਘ ਝਬਾਲ, ਮੈਂਬਰ ਬਿੱਟੂ ਝਬਾਲ, ਨਵ ਢਿੱਲੋਂ, ਲਵਪ੍ਰੀਤ ਸਿੰਘ ਢਿੱਲੋਂ, ਅਕਾਸ਼ ਢਿੱਲੋਂ, ਵਰਿੰਦਰ ਸਿੰਘ ਵੈਰੀ, ਗਗਨ ਝਬਾਲ, ਜਤਿੰਦਰ ਸਿੰਘ ਝਬਾਲ, ਹਰਪ੍ਰੀਤ ਸਿੰਘ ਲਾਲੀ ਦਲਜੀਤ ਫੋਟੋ ਸਟੂਡੀਓ ਵਾਲੇ, ਸਰਪੰਚ ਗੁਰਮੱਖ ਸਿੰਘ, ਸਰਪੰਚ ਕੁਲਦੀਪ ਸਿੰਘ, ਗੋਰਾ ਸਰਪੰਚ, ਹੈਪੀ ਸਵਰਗਾਪੁਰੀ ਆਦਿ ਹਾਜ਼ਰ ਸਨ।

ਅਧਿਆਪਕਾਂ ਦਾ ਆਰਜ਼ੀ ਪ੍ਰਬੰਧ ਕਰਨ ਦੀ ਮੰਗ

ਵੇਰਕਾ (ਰਾਣਾ) ਸਰਕਾਰੀ (ਐਲੀ:)-ਸਕੂਲ ਕੋਟਲਾ ਖੁਰਦ (ਖੁਸ਼ੀਪੁਰ) ਅਤੇ ਸ: (ਐਲੀ:) ਸਕੂਲ ਖਰਾਸ਼ ਵਾਲਾ ਬਲਾਕ ਮਜੀਠਾ -2 ਅੰਮ੍ਰਿਤਸਰ ਵਿਖੇ ਅਧਿਆਪਕਾਂ ਦੀ ਘਾਟ ਹੋਣ ਕਾਰਨ ਉਕਤ ਸਕੂਲ ਪੜ੍ਹਨ ਵਾਲੇ ਅਨਸੂਚਿਤ ਜਾਤੀ, ਗਰੀਬ ਤੇ ਲੋੜਵੰਦ ਬੱਚਿਆਂ ਦੀ ਪੜ੍ਹਾਈ ਪ੍ਰਭਾਵਿਤ ਹੋ ਰਹੀ ਹੈ ਜਿਸ ਕਾਰਨ ਬੱਚਿਆ ਦੇ ਮਾਪਿਆਂ 'ਚ ਸਰਕਾਰ ਤੇ ਸਿੱਖਿਆ ਮਹਿਕਮੇ ਦੇ ਉਚ ਅਫ਼ਸਰਾਂ ਖਿਲਾਫ ਭਾਰੀ ਰੋਸ ਪਾਇਆ ਜਾ ਰਿਹਾ ਹੈ।ਇਸ ਬਾਬਤ ਬਲਾਕ ਮਜੀਠਾ ਦੇ ਅਧਿਕਾਰੀਆਂ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਦੱਸਿਆ ਹੈ ਕਿ ਬੱਚਿਆਂ ਦੀ ਪੜ੍ਹਾਈ ਨੂੰ ਮੁੱਖ ਰੱਖਦੇ ਹੋਏ ਦਫ਼ਤਰੀ ਪੱਤਰ ਨੰ: 0977 ਮਿਤੀ 22 ਜੁਲਾਈ ਅਨੁਸਾਰ ਜ਼ਿਲਾ ਸਿੱਖਿਆ ਦਫ਼ਤਰ (ਐਲੀ:) ਅੰਮ੍ਰਿਤਸਰ ਨੂੰ ਸ: (ਐਲੀ:) ਸਕੂਲ ਡੱਡੀਆਂ ਤੋਂ ਖਰਾਸ਼ ਵਾਲਾ ਸਕੂਲ ਬੱਚਿਆਂ ਦੀ ਗਿਣਤੀ ਵੱਧ ਹੋਣ ਕਰਕੇ ਅਤੇ ਸ: (ਐਲੀ:) ਸਕੂਲ ਜਗਤਪੁਰ ਤੋਂ ਕੋਟਲਾ ਖੁਰਦ ਸਕੂਲ ਸਿੰਗਲ ਟੀਚਰ ਹੋਣ ਕਰਕੇ ਟੀਚਰਾਂ ਦਾ ਆਰਜ਼ੀ ਪ੍ਰਬੰਧ ਕਰਨ ਲਈ ਤਜਵੀਜ਼ ਭੇਜੀ ਹੋਈ ਹੈ।ਪ੍ਰੰਤੂ ਡੀ. ਈ. ਓ. ਦਫ਼ਤਰ (ਐਲੀ:) ਅੰਮ੍ਰਿਤਸਰ ਵੱਲੋਂ ਹੀ ਵਿਭਾਗ ਦੇ ਉਚ ਅਧਿਕਾਰੀਆਂ ਪਾਸੋਂ ਪਰਪੋਜ਼ਲ ਪ੍ਰਵਾਨਗੀ ਲਈ ਹਾਲੇ ਤੱਕ ਨਹੀਂ ਭੇਜੀ ਗਈ ਹੈ।ਇਸ ਸੰਬੰਧੀ ਉਪਰੋਕਤ ਪੀੜਤ ਵਿਦਿਆਰਥੀਆਂ ਦੇ ਵਾਰਸਾਂ ਨੇ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ ਚੰਡੀਗੜ੍ਹ, ਮਾਨਯੋਗ ਸਿੱਖਿਆ ਮੰਤਰੀ ਪੰਜਾਬ ਸਰਕਾਰ ਚੰਡੀਗੜ੍ਹ ਅਤੇ ਸਿੱਖਿਆ ਮਹਿਕਮੇ ਦੇ ਉੱਚ ਅਫ਼ਸਰਾਂ ਪਾਸੋਂ ਸਕੂਲ ਟੀਚਰਾਂ ਦਾ ਫੌਰੀ ਆਰਜ਼ੀ ਪ੍ਰਬੰਧ ਕਰਨ ਦੀ ਗੁਹਾਰ ਲਗਾਈ ਹੈ ਤਾਂ ਜੋ ਬੱਚੇ ਪੜ੍ਹਾਈ ਤੋਂ ਵਾਂਝੇ ਨਾ ਰਹਿਣ।

ਭਗਵਤੀ ਚਰਨ ਰਾਮਪਾਲ ਦੀ ਨਿੱਘੀ ਯਾਦ 'ਚ ਭਗਵਤੀ ਦਰਸ਼ਨ ਫਾਊਂਡੇਸ਼ਨ ਸਥਾਪਤ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਸੰਜੀਵ ਕੁਮਾਰ ਰਾਮਪਾਲ ਡੀਆਈਜੀ ਸਪੈਸ਼ਲ ਟਾਸਕ ਫੋਰਸ ਅਤੇ ਕਮਾਂਡੋ ਪੰਜਾਬ ਵੱਲੋਂ ਆਪਣੇ ਪਿਤਾ ਭਗਵਤੀ ਚਰਨ ਰਾਮਪਾਲ ਰਿਟਾਇਰ ਬੀਡੀਪੀਓ ਪੈਟਰੋਲ ਪੰਪ ਵਾਲੇ ਜੋ ਕਿ ਆਪਣੀ ਸੰਸਾਰਕ ਯਾਤਰਾ ਪੂਰੀ ਕਰਨ ਉਪਰੰਤ ਪਰਮਾਤਮਾ ਦੇ ਚਰਨਾਂ ਵਿੱਚ ਬਿਰਾਜ ਚੁੱਕੇ ਹਨ, ਦੀ ਨਿੱਘੀ ਯਾਦ ਅਤੇ ਉਨ੍ਹਾਂ ਦੇ ਉਦੇਸ਼ਾਂ ਦੀ ਪੂਰਤੀ ਕਰਦੇ ਹੋਏ ਆਪਣੀ ਮਾਤਾ ਦਰਸ਼ਨ ਰਾਮਪਾਲ ਦੀ ਅਗਵਾਈ ਹੇਠ ਭਗਵਤੀ ਚਰਨ ਰਾਮਪਾਲ ਨਾਂਅ ਦੀ ਇੱਕ ਐੱਨਜੀਓ ਦਾ ਗਠਨ ਕੀਤਾ ਗਿਆ। ਇਸ ਫਾਊਂਡੇਸ਼ਨ ਵਿੱਚ ਉਨ੍ਹਾਂ

ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਝਬਾਲ ਤੋਂ ਵਿਸ਼ੇਸ਼ ਸਪਲੀਮੈਂਟ

ਸੰਦੇਸ਼

ਨਵਾਂ ਜ਼ਮਾਨਾ ਅਖ਼ਬਾਰ ਹਰ ਨਵੀਂ ਸਵੇਰ ਨੂੰ ਨਵੀਂ ਖ਼ਬਰ ਵਾਲਾ ਆਪਣੇ ਪਾਠਕਾਂ ਨੂੰ ਤਰੋ ਤਾਜ਼ਾ ਕਰਦਾ ਹੈ। ਅਸੀਂ ਨਵਾਂ ਜ਼ਮਾਨਾ ਦੇ ਪੱਤਰਕਾਰ ਹਰਜਿੰਦਰ ਸਿੰਘ ਸੋਨੀ ਵੱਲੋਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਪਲੀਮੈਂਟ ਕੱਢਣ 'ਤੇ ਸ਼ਲਾਘਾ ਕਰਦੇ ਹਾਂ

ਨਵਾਂ ਜ਼ਮਾਨਾ ਅਖ਼ਬਾਰ ਹਰ ਨਵੀਂ ਸਵੇਰ ਨੂੰ ਨਵੀਂ ਖ਼ਬਰ ਵਾਲਾ ਆਪਣੇ ਪਾਠਕਾਂ ਨੂੰ ਤਰੋ ਤਾਜ਼ਾ ਕਰਦਾ ਹੈ। ਅਸੀਂ ਨਵਾਂ ਜ਼ਮਾਨਾ ਦੇ ਪੱਤਰਕਾਰ ਹਰਜਿੰਦਰ ਸਿੰਘ ਸੋਨੀ ਵੱਲੋਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਪਲੀਮੈਂਟ ਕੱਢਣ 'ਤੇ ਸ਼ਲਾਘਾ ਕਰਦੇ ਹਾਂ

ਨਵਾਂ ਜ਼ਮਾਨਾ ਅਖ਼ਬਾਰ ਹਰ ਨਵੀਂ ਸਵੇਰ ਨੂੰ ਨਵੀਂ ਖ਼ਬਰ ਵਾਲਾ ਆਪਣੇ ਪਾਠਕਾਂ ਨੂੰ ਤਰੋ ਤਾਜ਼ਾ ਕਰਦਾ ਹੈ। ਅਸੀਂ ਨਵਾਂ ਜ਼ਮਾਨਾ ਦੇ ਪੱਤਰਕਾਰ ਹਰਜਿੰਦਰ ਸਿੰਘ ਸੋਨੀ ਵੱਲੋਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਪਲੀਮੈਂਟ ਕੱਢਣ 'ਤੇ ਸ਼ਲਾਘਾ ਕਰਦੇ ਹਾਂ

ਨਵਾਂ ਜ਼ਮਾਨਾ ਅਖ਼ਬਾਰ ਹਰ ਨਵੀਂ ਸਵੇਰ ਨੂੰ ਨਵੀਂ ਖ਼ਬਰ ਵਾਲਾ ਆਪਣੇ ਪਾਠਕਾਂ ਨੂੰ ਤਰੋ ਤਾਜ਼ਾ ਕਰਦਾ ਹੈ। ਅਸੀਂ ਨਵਾਂ ਜ਼ਮਾਨਾ ਦੇ ਪੱਤਰਕਾਰ ਹਰਜਿੰਦਰ ਸਿੰਘ ਸੋਨੀ ਵੱਲੋਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਪਲੀਮੈਂਟ ਕੱਢਣ 'ਤੇ ਸ਼ਲਾਘਾ ਕਰਦੇ ਹਾਂ

ਨਵਾਂ ਜ਼ਮਾਨਾ ਅਖ਼ਬਾਰ ਹਰ ਨਵੀਂ ਸਵੇਰ ਨੂੰ ਨਵੀਂ ਖ਼ਬਰ ਵਾਲਾ ਆਪਣੇ ਪਾਠਕਾਂ ਨੂੰ ਤਰੋ ਤਾਜ਼ਾ ਕਰਦਾ ਹੈ। ਅਸੀਂ ਨਵਾਂ ਜ਼ਮਾਨਾ ਦੇ ਪੱਤਰਕਾਰ ਹਰਜਿੰਦਰ ਸਿੰਘ ਸੋਨੀ ਵੱਲੋਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਪਲੀਮੈਂਟ ਕੱਢਣ 'ਤੇ ਸ਼ਲਾਘਾ ਕਰਦੇ ਹਾਂ

ਨਵਾਂ ਜ਼ਮਾਨਾ ਅਖ਼ਬਾਰ ਹਰ ਨਵੀਂ ਸਵੇਰ ਨੂੰ ਨਵੀਂ ਖ਼ਬਰ ਵਾਲਾ ਆਪਣੇ ਪਾਠਕਾਂ ਨੂੰ ਤਰੋ ਤਾਜ਼ਾ ਕਰਦਾ ਹੈ। ਅਸੀਂ ਨਵਾਂ ਜ਼ਮਾਨਾ ਦੇ ਪੱਤਰਕਾਰ ਹਰਜਿੰਦਰ ਸਿੰਘ ਸੋਨੀ ਵੱਲੋਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਪਲੀਮੈਂਟ ਕੱਢਣ 'ਤੇ ਸ਼ਲਾਘਾ ਕਰਦੇ ਹਾਂ

Dasmesh Parivar International School

Aima Kalan, Distt. Tarn Taran Mob : 9872224144
(Affiliated to CBSE, New Delhi No. 1630387

Jaswant Singh
Chairman Dasmesh Parivar Group of Schools

* Institution is Committed to give Valuable Education to the School Students.
* Institution is Proud to Produce Students with Natiional and International Level Players.

Baba Gurbachan Singh
Patron Dasmesh Parivar Group of Schools

Issued by :Jaswant Singh Chairman Dasmesh Parivar Group of Schools

ਨਵਾਂ ਜ਼ਮਾਨਾ ਅਖ਼ਬਾਰ ਹਰ ਨਵੀਂ ਸਵੇਰ ਨੂੰ ਨਵੀਂ ਖ਼ਬਰ ਵਾਲਾ ਆਪਣੇ ਪਾਠਕਾਂ ਨੂੰ ਤਰੋ ਤਾਜ਼ਾ ਕਰਦਾ ਹੈ। ਅਸੀਂ ਨਵਾਂ ਜ਼ਮਾਨਾ ਦੇ ਪੱਤਰਕਾਰ ਹਰਜਿੰਦਰ ਸਿੰਘ ਸੋਨੀ ਵੱਲੋਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਪਲੀਮੈਂਟ ਕੱਢਣ 'ਤੇ ਸ਼ਲਾਘਾ ਕਰਦੇ ਹਾਂ

ਪਾਇਨਲੈਂਡਜ਼ ਇੰਟਰਨੈਸ਼ਨਲ ਕਾਨਵੈਂਟ ਸਕੂਲ ਗੰਗੋਬੂਆ, ਝਬਾਲ

☛ ਖੇਡਾਂ ਉਪਰ ਵਿਸ਼ੇਸ਼ ਧਿਆਨ, ਨੈਸ਼ਨਲ ਖਿਡਾਰੀ, ☛ ਖੇਡਾਂ ਰਾਹੀਂ ਵਿੱਦਿਆ 'ਤੇ ਜ਼ੋਰ, ☛ਮਿਹਨਤੀ ਤੇ ਤਜਰਬੇਕਾਰ ਸਟਾਫ , ☛ ਕੁਝ ਨਵਾਂ ਕਰੋ ਤੇ ਹਰ ਰੋਜ਼ ਕਰੋ ਦੀ ਵਿਧੀ ਉਪਰ ਜ਼ੋਰ, ☛ਬੱਚਿਆਂ ਦੇ ਉੱਜਲ ਭਵਿੱਖ ਲਈ ਕੋਸ਼ਿਸ਼, ☛ ਮਿਆਰੀ ਸਿੱਖਿਆ ਉੱਪਰ ਜ਼ੋਰ

ਵਰਿੰਦਰ ਸਿੰਘ ਐੱਮ ਡੀ

ਨਵਾਂ ਜ਼ਮਾਨਾ ਅਖ਼ਬਾਰ ਹਰ ਨਵੀਂ ਸਵੇਰ ਨੂੰ ਨਵੀਂ ਖ਼ਬਰ ਵਾਲਾ ਆਪਣੇ ਪਾਠਕਾਂ ਨੂੰ ਤਰੋ ਤਾਜ਼ਾ ਕਰਦਾ ਹੈ। ਅਸੀਂ ਨਵਾਂ ਜ਼ਮਾਨਾ ਦੇ ਪੱਤਰਕਾਰ ਹਰਜਿੰਦਰ ਸਿੰਘ ਸੋਨੀ ਵੱਲੋਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਪਲੀਮੈਂਟ ਕੱਢਣ 'ਤੇ ਸ਼ਲਾਘਾ ਕਰਦੇ ਹਾਂ

ਗੰਡੀਵਿੰਡ ਕਲੀਨਿਕ ਲੈਬੋਰਟਰੀ

ਇੱਥੇ ਖੂਨ ਅਤੇ ਪੇਸ਼ਾਬ ਦੇ ਸਾਰੇ ਟੈੱਸਟ ਬਜ਼ਾਰ ਨਾਲੋਂ ਸਸਤੇ ਅਤੇ ਵਧੀਆ ਕੀਤੇ ਜਾਂਦੇ ਹਨ। ਘਰ ਤੋਂ ਸੈਂਪਲ ਲੈਣ ਦੀ ਸੁਵਿਧਾ ਵੀ ਬਿਲਕੁਲ ਮੁਫਤ ਹੈ।

ਅਟਾਰੀ ਰੋਡ, ਅੱਡਾ ਝਬਾਲ
ਮੋਬਾਇਲ : 99155-92566, 99155-83165

ਨਵਾਂ ਜ਼ਮਾਨਾ ਅਖ਼ਬਾਰ ਹਰ ਨਵੀਂ ਸਵੇਰ ਨੂੰ ਨਵੀਂ ਖ਼ਬਰ ਵਾਲਾ ਆਪਣੇ ਪਾਠਕਾਂ ਨੂੰ ਤਰੋ ਤਾਜ਼ਾ ਕਰਦਾ ਹੈ। ਅਸੀਂ ਨਵਾਂ ਜ਼ਮਾਨਾ ਦੇ ਪੱਤਰਕਾਰ ਹਰਜਿੰਦਰ ਸਿੰਘ ਸੋਨੀ ਵੱਲੋਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਪਲੀਮੈਂਟ ਕੱਢਣ 'ਤੇ ਸ਼ਲਾਘਾ ਕਰਦੇ ਹਾਂ

ਗਿਆਨ ਜੋਤੀ ਪਬਲਿਕ ਸਕੂਲ
ਝਬਾਲ ਕਲਾਂ (ਤਰਨ ਤਾਰਨ)

ਦਾਖਲਾ ਸ਼ੁਰੂ ਦਾਖਲਾ ਸ਼ੁਰੂ ਦਾਖਲਾ ਸ਼ੁਰੂ

ਪ੍ਰੀ ਨਰਸਰੀ ਤੋਂ 10 ਤੱਕ ਮਾਨਤਾ ਪ੍ਰਾਪਤ (ਅੰਗਰੇਜ਼ੀ ਮੀਡਿਆਮ ਵਿਸ਼ੇਸ਼ਤਾਵਾਂ) Free Study orphan Student)
* ਖਰਚਾ ਦੂਸਰੇ ਸਕੂਲਾਂ ਮੁਕਾਬਲੇ ਘੱਟ, * ਬੱਚਿਆਂ ਦੇ ਆਤਮਿਕ ਅਤੇ ਧਾਰਮਿਕ ਵਿਕਾਸ ਵਿੱਚ ਧਾਰਮਿਕ ਪ੍ਰੀਖਿਆ ਦਾ ਖਾਸ ਪ੍ਰਬੰਧ, * ਸੱਭਿਆਚਾਰਕ ਪ੍ਰੋਗਰਾਮ ਭਾਸ਼ਣ ਮੁਕਾਬਲੇ, ਲਿਖਤੀ ਮੁਕਾਬਲੇ ਵਿੱਚ ਸਕੂਲ ਦੀ ਸ਼ਮੂਲੀਅਤ, Junior Kids ਦੀ ਪੜ੍ਹਾਈ ਲਈ Play Way Method Technique activity Room ਦੀ ਸਹੂਲਤ ਤਜ਼ਰਬੇਕਾਰ ਮਿਹਨਤੀ ਅਤੇ ਉਚ ਸਿੱਖਿਆ ਪ੍ਰਾਪਤ ਸਟਾਫ, * English Medium NCERT ਅਧਾਰਿਤ ਸਕੂਲ ਸਿਲੇਬਸ ਬਿਲਕੁਲ CBSE Pattern ਦੀ ਤਰਜ਼ 'ਤੇ।

ਡਾਇਰੈਕਟਰ ਅਮਰਜੀਤ ਸਿੰਘ

99153-47727, 98559-99779

ਧੰਨਵਾਦ

ਮੈਂ ਉਨ੍ਹਾਂ ਸਾਰੇ ਹੀ ਸੱਜਣਾਂ-ਮਿੱਤਰਾਂ, ਸਨੇਹੀਆਂ ਦਾ ਕੋਟਿਨ-ਕੋਟ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਝਬਾਲ ਤੋਂ ਵਿਸ਼ੇਸ਼ ਸਪਲੀਮੈਂਟ ਕੱਢਣ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਹੈ।

ਹਰਜਿੰਦਰ ਸਿੰਘ ਸੋਨੀ ਪੱਤਰਕਾਰ, ਝਬਾਲ
ਮੋਬਾ. 98154-42347, 94177-27771

ਨਵਾਂ ਜ਼ਮਾਨਾ ਅਖ਼ਬਾਰ ਹਰ ਨਵੀਂ ਸਵੇਰ ਨੂੰ ਨਵੀਂ ਖ਼ਬਰ ਵਾਲਾ ਆਪਣੇ ਪਾਠਕਾਂ ਨੂੰ ਤਰੋ ਤਾਜ਼ਾ ਕਰਦਾ ਹੈ। ਅਸੀਂ ਨਵਾਂ ਜ਼ਮਾਨਾ ਦੇ ਪੱਤਰਕਾਰ ਹਰਜਿੰਦਰ ਸਿੰਘ ਸੋਨੀ ਵੱਲੋਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਪਲੀਮੈਂਟ ਕੱਢਣ 'ਤੇ ਸ਼ਲਾਘਾ ਕਰਦੇ ਹਾਂ

ਸ੍ਰੀ ਗੁਰੂ ਹਰਿਕ੍ਰਿਸ਼ਨ ਸੀ. ਸੈਕੰ. ਪਬਲਿਕ ਸਕੂਲ

ਤਰਨ ਤਾਰਨ, ਝਬਾਲ, ਸੀ.ਬੀ.ਐਸ.ਈ. ਨਵੀਂ ਦਿੱਲੀ ਤੋਂ ਮਾਨਤਾ ਪ੍ਰਾਪਤ (ਮੋਬਾਇਲ : 9814028284)

ਪ੍ਰੀ-ਨਰਸਰੀ ਤੋਂ ਬਾਰ੍ਹਵੀਂ ਜਮਾਤ ਤੱਕ ਮਿਆਰੀ ਵਿੱਦਿਆ, ਛੋਟੇਂ ਬੱਚਿਆਂ ਲਈ ਏ.ਸੀ. ਬਲਾਕ, ਤਿੰਨ ਕੰਪਿਊਟਰ ਲੈਬ, ਚਾਰ ਸਾਇੰਸ ਪ੍ਰਯੋਗਸ਼ਾਲਾਵਾਂ, ਇੰਗਲਿਸ਼ ਲੈਂਗੁਏਜ ਲੈਬ, ਸੰਗੀਤ, ਡਾਂਸ ਥਿਏਟਰ, ਆਰਟ, ਕਰਾਫਟ ਰੂਮ, ਐਕਟੀਵਿਟੀ ਰੂਮ, ਬਹੁ ਉਪਯੋਗੀ ਏ.ਸੀ. ਹਾਲ, ਸਮਾਰਟ ਕਲਾਸ ਰੂਮ, ਸੰਸਥਾ ਦੀ ਨਿਗਰਾਨੀ ਲਈ ਸੀ.ਸੀ.ਟੀ.ਵੀ. ਕੈਮਰੇ, ਡਿਸਪੈਂਸਰੀ, ਖੇਡਾਂ ਲਈ ਮਾਹਿਰ ਕੋਚ, 10ਵੀਂ ਤੇ 12ਵੀਂ ਦਾ ਨਤੀਜਾ ਹਰ ਸਾਲ 100 ਪ੍ਰਤੀਸ਼ਤ ਧਾਰਮਿਕ ਵਿੱਦਿਆ, ਵਿੱਦਿਅਕ ਟੂਰ, ਸੱਭਿਆਚਾਰਕ ਅਤੇ ਸਹਾਇਕ ਗਤੀਵਿਧੀਆਂ, ਐਨ.ਸੀ.ਸੀ. ਦੀ ਸੁਵਿਧਾ ਅਤੇ ਹਰਿਆ ਭਰਿਆ ਆਲਾ-ਦੁਆਲਾ।

ਮੈਂਬਰ ਇੰਚਾਰਜ
ਸ: ਮਨਜੀਤ ਸਿੰਘ ਢਿੱਲੋਂ

ਆਦਰਸ਼ਪਿੰਦਰ ਸਿੰਘ
ਮਾਨ

ਅਨੂਰੀਤ ਬਾਵਾ
ਪ੍ਰਿੰਸੀਪਲ

ਨਵਾਂ ਜ਼ਮਾਨਾ ਅਖ਼ਬਾਰ ਹਰ ਨਵੀਂ ਸਵੇਰ ਨੂੰ ਨਵੀਂ ਖ਼ਬਰ ਵਾਲਾ ਆਪਣੇ ਪਾਠਕਾਂ ਨੂੰ ਤਰੋ ਤਾਜ਼ਾ ਕਰਦਾ ਹੈ। ਅਸੀਂ ਨਵਾਂ ਜ਼ਮਾਨਾ ਦੇ ਪੱਤਰਕਾਰ ਹਰਜਿੰਦਰ ਸਿੰਘ ਸੋਨੀ ਵੱਲੋਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਪਲੀਮੈਂਟ ਕੱਢਣ 'ਤੇ ਸ਼ਲਾਘਾ ਕਰਦੇ ਹਾਂ

ਹਰਜਿੰਦਰ ਸਿੰਘ ਸੋਨੀ ਵੱਲੋਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਵਾਂ ਜ਼ਮਾਨਾ 'ਚ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਸ਼ਲਾਘਾ ਕਰਦੇ ਹਾਂ

ਵੱਲੋਂ : ਸਮੂਹ ਸੀਨੀਅਰ ਕਾਂਗਰਸ ਆਗੂ ਕਸਬਾ ਝਬਾਲ

ਹਰਜਿੰਦਰ ਸਿੰਘ ਸੋਨੀ ਵੱਲੋਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਵਾਂ ਜ਼ਮਾਨਾ 'ਚ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਸ਼ਲਾਘਾ ਕਰਦੇ ਹਾਂ

Gupta Hospital

ਡਾ. ਰਮਨ ਕੁਮਾਰ ਗੁਪਤਾ

Dr. Raman Gupta
M.B.B.S., M.S., F.C.C.S
Consultant and General Surgeon
* Life Mamber Indian Association of Gastro Intestinal Endo Surgoen (IAGES) *Life Mamber Surgeon Society of Amritsar *Life Mamber (M.A.) Tarn Taran *Fellow Fundamental Critical Care Support (U.S.A.)
Chabhal Distt Tarn Taran 01852-278150 (M) 98727-49792

ਨਵਾਂ ਜ਼ਮਾਨਾ ਅਖ਼ਬਾਰ ਹਰ ਨਵੀਂ ਸਵੇਰ ਨੂੰ ਨਵੀਂ ਖ਼ਬਰ ਵਾਲਾ ਆਪਣੇ ਪਾਠਕਾਂ ਨੂੰ ਤਰੋ ਤਾਜ਼ਾ ਕਰਦਾ ਹੈ। ਅਸੀਂ ਨਵਾਂ ਜ਼ਮਾਨਾ ਦੇ ਪੱਤਰਕਾਰ ਹਰਜਿੰਦਰ ਸਿੰਘ ਸੋਨੀ ਵੱਲੋਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਵਾਂ ਜ਼ਮਾਨਾ 'ਚ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਸ਼ਲਾਘਾ ਕਰਦੇ ਹਾਂ

ਨਵਾਂ ਜ਼ਮਾਨਾ ਅਖ਼ਬਾਰ ਹਰ ਨਵੀਂ ਸਵੇਰ ਨੂੰ ਨਵੀਂ ਖ਼ਬਰ ਵਾਲਾ ਆਪਣੇ ਪਾਠਕਾਂ ਨੂੰ ਤਰੋ ਤਾਜ਼ਾ ਕਰਦਾ ਹੈ। ਅਸੀਂ ਨਵਾਂ ਜ਼ਮਾਨਾ ਦੇ ਅਖ਼ਬਾਰ ਦੇ ਪੱਤਰਕਾਰ ਹਰਜਿੰਦਰ ਸਿੰਘ ਸੋਨੀ ਵੱਲੋਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਸ਼ਲਾਘਾ ਕਰਦੇ ਹਾਂ

ਹਰਜਿੰਦਰ ਸਿੰਘ ਸੋਨੀ ਵੱਲੋਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ